# Sunday Samaj Weekly

Vol :17 : # 655: 03/05/2026 - 09/05/2026 www.samajweekly.com samajweekly @samajweekly

Punjabi, Hindi & English Newspaper- Uk&Eu Edition




# ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ

# ਸਮਾਜ ਵੀਕਲੀ

# 4 ਸਾਲਾ ਬੱਚੀ ਨਾਲ ਜ਼ਬਰ-ਜਿਨਾਹ ਅਤੇ ਕਤਲ ਦੇ ਦੋਸ਼ ਵਿੱਚ 65 ਸਾਲਾਂ ਵਿਅਕਤੀ ਗ੍ਰਿਫ਼ਤਾਰ

**ਪੁਣੇ,** । ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਇੱਕ ਚਾਰ ਸਾਲ ਦੀ ਕੁੜੀ ਨਾਲ ਜਿਨਸੀ ਸ਼ੋਸ਼ਣ ਅਤੇ ਕਤਲ ਕਰਨ ਦੇ ਦੋਸ਼ ਵਿੱਚ ਇੱਕ ਬਜ਼ੁਰਗ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੀ ਜਾਣਕਾਰੀ ਪੁਲੀਸ ਨੇ ਅੱਜ ਦਿੱਤੀ। ਇੱਕ ਅਧਿਕਾਰੀ ਨੇ ਦੱਸਿਆ ਕਿ ਪੁਲੀਸ ਨੇ ਬੀਤੇ ਦਿਨ ਭੋਰ ਤਹਿਸੀਲ ਵਿੱਚ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਇੱਕ 65 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਸ਼ੀ ਨੇ ਕਥਿਤ ਤੌਰ ਤੇ ਕੁੜੀ ਨੂੰ ਭੋਜਨ ਦਾ ਲਾਲਚ ਦਿੱਤਾ ਅਤੇ ਉਸਨੂੰ ਪਸ਼ੂਆਂ ਦੇ ਵਾੜੇ ਵਿੱਚ ਲੈ ਗਿਆ, ਜਿੱਥੇ ਉਸਨੇ ਉਸਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਫਿਰ ਉਸਨੂੰ ਮਾਰ ਦਿੱਤਾ। ਅਧਿਕਾਰੀ ਨੇ ਕਿਹਾ ਕਿ ਕੁੜੀ ਦੇ ਲਾਪਤਾ ਹੋਣ ਤੋਂ ਬਾਅਦ ਉਸਦੇ ਰਿਸ਼ਤੇਦਾਰਾਂ ਨੇ ਉਸਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਦੋਸ਼ੀ ਨੂੰ ਇੱਕ ਨਿੱਜੀ ਰਿਹਾਇਸ਼ ਤੋਂ ਸੀਸੀਟੀਵੀ ਫੁਟੇਜ ਵਿੱਚ ਲੜਕੀ ਨਾਲ ਦੇਖਿਆ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਘਟਨਾ ਕਾਰਨ



ਇਲਾਕੇ ਵਿੱਚ ਗੁੱਸਾ ਫੈਲ ਗਿਆ ਅਤੇ ਸੈਂਕੜੇ ਪਿੰਡ ਵਾਸੀ ਪੁਲੀਸ ਸਟੇਸ਼ਨ ਤੇ ਇਕੱਠੇ ਹੋ ਗਏ। ਉਨ੍ਹਾਂ ਨੇ ਦੋਸ਼ੀ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਭੀੜ ਨੇ ਬਾਅਦ ਵਿੱਚ ਮੁੰਬਈ-ਬੈਂਗਲੁਰੂ ਹਾਈਵੇਅ ਜਾਮ ਕਰ ਦਿੱਤਾ, ਜਿਸ ਨਾਲ ਆਵਾਜਾਈ ਵਿੱਚ ਵਿਘਨ ਪਿਆ। ਪੁਣੇ ਦਿਹਾਤੀ ਦੇ ਪੁਲੀਸ ਸੁਪਰਡੈਂਟ ਸੰਦੀਪ ਸਿੰਘ ਗਿੱਲ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਸ ਮਾਮਲੇ ਵਿੱਚ 15 ਦਿਨਾਂ ਦੇ ਅੰਦਰ ਚਾਰਜਸ਼ੀਟ ਦਾਇਰ ਕਰ ਦਿੱਤੀ ਜਾਵੇਗੀ।

# ਸ਼ੰਭੂ ਰੇਲਵੇ ਟਰੈਕ ਧਮਾਕਾ ਮਾਮਲੇ ਵਿੱਚ ਇੱਕ ਹੋਰ ਵਿਅਕਤੀ ਗ੍ਰਿਫ਼ਤਾਰ

**ਪਟਿਆਲਾ।** ਪਟਿਆਲਾ ਦੇ ਸ਼ੰਭੂ ਰੇਲਵੇ ਟਰੈਕ ਤੇ ਹੋਏ ਧਮਾਕੇ ਦੇ ਮਾਮਲੇ ਵਿੱਚ ਐਸ ਐਸ ਓ ਸੀ ਅੰਮ੍ਰਿਤਸਰ, ਪਟਿਆਲਾ ਪੁਲੀਸ ਤੇ ਸੀ ਆਈ ਪਠਾਨਕੋਟ ਵੱਲੋਂ ਚਲਾਈ ਗਈ ਸਾਂਝੀ ਮੁਹਿੰਮ ਦੌਰਾਨ ਇਸ ਘਟਨਾ ਦੇ ਮੁੱਖ ਸਾਜ਼ਿਸ਼ਘਾੜੇ ਜਗਰੂਪ ਸਿੰਘ ਦੇ ਨਜ਼ਦੀਕੀ ਸਾਥੀ ਗੁਰਜਿੰਦਰ ਸਿੰਘ ਉਰਫ਼ ਬੇਅੰਤ ਵਾਸੀ ਧਾਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਵਿਅਕਤੀ



ਨੇ ਜਗਰੂਪ ਸਿੰਘ ਦੇ ਨਾਲ ਸ਼ੰਭੂ ਜਾ ਕੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਣਕਾਰੀ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 23 ਜਨਵਰੀ ਨੂੰ ਹੋਏ ਸਰਹੰਦ ਰੇਲਵੇ ਬਲਾਸਟ ਅਤੇ 7 ਨਵੰਬਰ ਨੂੰ ਮੋਗਾ ਸੀ ਆਈ ਏ ਤੇ ਹੋਏ ਗ੍ਰੇਨੇਡ ਅਟੈਕ ਦੀ ਕਾਰਵਾਈ ਨੂੰ ਵੀ ਇਸੇ ਗਿਰੋਹ ਨੇ ਅੰਜਾਮ ਦਿੱਤਾ ਸੀ।

ਇੱਥੇ ਜ਼ਿਕਰਯੋਗ ਹੈ ਕਿ ਸ਼ੰਭੂ ਰੇਲਵੇ ਟਰੈਕ ਤੇ ਹੋਏ ਇਸ ਧਮਾਕੇ ਨੇ ਸੁਰੱਖਿਆ ਏਜੰਸੀਆਂ ਦੀ ਚਿੰਤਾ ਵਧਾ ਦਿੱਤੀ ਸੀ, ਜਿਸ ਤੋਂ ਬਾਅਦ ਪੁਲੀਸ ਦੀਆਂ ਵੱਖ-ਵੱਖ ਟੀਮਾਂ ਲਗਾਤਾਰ ਦੋਸ਼ੀਆਂ ਦੀ ਭਾਲ ਵਿੱਚ ਜੁਟੀਆਂ ਹੋਈਆਂ ਸਨ।

# ਅਣਪਛਾਤੇ ਬਦਮਾਸ਼ਾਂ ਵੱਲੋਂ ਬਾਰਾਤ ਲੈ ਕੇ ਜਾ ਰਹੇ ਲਾੜੇ ਦਾ ਗੋਲੀ ਮਾਰ ਕੇ ਕਤਲ

**ਜੌਨਪੁਰ।** ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਦੇ ਖੇਤਾਸਰਾਏ ਥਾਣਾ ਖੇਤਰ ਦੇ ਬੀਬੀਪੁਰ ਪਿੰਡ ਕੋਲ ਬੀਤੀ ਰਾਤ ਬਾਰਾਤ ਲੈ ਕੇ ਜਾ ਰਹੇ ਇਕ ਲਾੜੇ ਦਾ ਅਣਪਛਾਤੇ ਬਦਮਾਸ਼ਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਪੁਲੀਸ ਨੇ ਦੱਸਿਆ ਹਮਲਾਵਰਾਂ ਦੀ ਤਲਾਸ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲੀਸ ਸੁਪਰਡੈਂਟ ਆਯੂਸ਼ ਸ਼੍ਰੀਵਾਸਤਵ ਨੇ ਦੱਸਿਆ ਕਿ ਮ੍ਰਿਤਕ ਲਾੜੇ ਦੀ ਪਛਾਣ ਸਰਾਏਖਵਾਜ਼ਾ ਥਾਣਾ ਖੇਤਰ ਦੇ ਬੜਉਰ ਪਿੰਡ ਵਾਸੀ ਆਜ਼ਾਦ ਬਿੰਦ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਕਰੀਬ 7 ਵਜੇ ਬਾਰਾਤ ਖੇਤਾਸਰਾਏ ਦੇ ਬੀਬੀਪੁਰ ਕੋਲ ਪਹੁੰਚੀ ਸੀ। ਉਦੋਂ ਮੋਟਰਸਾਈਕਲ ਤੇ ਸਵਾਰ ਨਕਾਬਪੋਸ਼ ਬਦਮਾਸ਼ ਅਚਾਨਕ ਉੱਥੇ ਪਹੁੰਚੇ ਅਤੇ ਲਾੜੇ ਦੀ ਗੱਡੀ ਤੋਂ ਅੱਗੇ ਨਿਕਲ ਕੇ ਆਜ਼ਾਦ ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਦੱਸਿਆ ਕਿ ਗੋਲੀ ਲੱਗਦੇ ਹੀ ਲਾੜਾ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਵਾਰਦਾਤ ਤੋਂ ਬਾਅਦ ਬਦਮਾਸ਼ ਮੌਕੇ ਤੇ ਫਰਾਰ ਹੋ ਗਏ। ਪਰਿਵਾਰ ਵਾਲੇ ਅਤੇ ਬਾਰਾਤੀ ਜ਼ਖ਼ਮੀ ਲਾੜੇ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਲੈ ਗਏ, ਜਿੱਥੇ



ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸੂਚਨਾ ਮਿਲਣ ਤੇ ਪੁਲੀਸ ਮੌਕੇ ਤੇ ਪਹੁੰਚੀ ਅਤੇ ਹਾਦਸੇ ਵਾਲੀ ਜਗ੍ਹਾ ਦਾ ਜਾਇਜ਼ਾ ਲਿਆ। ਹਾਦਸੇ ਦੀ ਖਬਰ ਮਿਲਣ ਤੇ ਲਾੜੀ ਵਾਰ-ਵਾਰ ਬੇਹੋਸ਼ ਹੋ ਰਹੀ ਹੈ। ਸ਼ੁਰੂਆਤੀ ਜਾਂਚ ਵਿੱਚ ਘਟਨਾ ਦੇ ਪਿੱਛੇ ਪੁਰਾਣੀ ਰੰਜਿਸ਼ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਸ਼੍ਰੀਵਾਸਤਵ ਨੇ ਦੱਸਿਆ ਕਿ ਨੇੜੇ-ਤੇੜੇ ਦੇ ਲੋਕਾਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਨਗਰ ਨਿਗਮ ਚੋਣਾਂ ਨੂੰ ਲੈ ਕੇ ਵੋਟਾਂ ਮੰਗਣ ਲੋਕਾਂ ਕੋਲ ਜਾਣ ਲੱਗ ਪਏ ਚੋਣ ਲੜਣ ਦੇ ਚਾਹਵਾਨ ਉਮੀਦਵਾਰ

**ਐਸ ਏ ਐਸ ਨਗਰ।** ਨਗਰ ਨਿਗਮ ਦੀ ਆਉਣ ਵਾਲੀ ਚੋਣ ਲਈ ਭਾਵੇਂ ਹੁਣ ਤਕ ਕੋਈ ਰਸਮੀ ਐਲਾਨ ਨਹੀਂ ਹੋਇਆ ਹੈ ਪਰੰਤੂ ਚੋਣ ਲੜਣ ਦੇ ਚਾਹਵਾਨਾਂ ਵਲੋਂ ਇਹ ਚੋਣਾਂ ਲੜਣ ਲਈ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਹਨ। ਇਸ ਦੌਰਾਨ ਜਿੱਥੇ ਉਮੀਦਵਾਰਾਂ ਵਲੋਂ ਆਪੋ ਆਪਣੇ ਸਮਰਥਕਾਂ ਦੇ ਨਾਲ ਤਾਲਮੇਲ ਵਧਾ ਦਿੱਤਾ ਗਿਆ ਹੈ, ਉੱਥੇ ਚੋਣ ਲੜਣ ਦੇ ਚਾਹਵਾਨਾਂ ਵਲੋਂ ਲੋਕਾਂ ਦੇ ਘਰਾਂ ਤਕ ਪਹੁੰਚ ਕਰਕੇ ਆਪਣੇ ਲਈ ਵੋਟਾਂ ਮੰਗਣ ਦਾ ਕੰਮ ਵੀ ਕੀਤਾ ਜਾ ਰਿਹਾ ਹੈ। ਇਸ ਦੌਰਾਨ ਚੋਣ ਲੜਣ ਦੇ ਚਾਹਵਾਨ ਉਮੀਦਵਾਰ ਸੋਸ਼ਲ ਮੀਡੀਆ ਤੇ ਕਾਫੀ ਸਰਗਰਮ ਹੋ ਗਏ ਹਨ ਅਤੇ ਉਹਨਾਂ ਵਲੋਂ ਆਪਣੇ ਪ੍ਰਚਾਰ ਲਈ ਫੋਟੋਆਂ ਅਤੇ ਵੀਡੀਓ ਆਦਿ ਪੋਸਟ ਕੀਤੇ ਜਾ ਰਹੇ ਹਨ। ਇਹ ਤਮਾਮ ਉਮੀਦਵਾਰ ਲੋਕਾਂ ਤੋਂ ਸਮਰਥਨ ਅਤੇ ਵੋਟਾਂ ਦੀ ਮੰਗ ਕਰ ਰਹੇ ਹਨ। ਇਸ ਦੌਰ ਵਿੱਚ ਸਾਬਕਾ ਕੌਂਸਲਰ ਵੀ ਸ਼ਾਮਿਲ ਹਨ ਅਤੇ ਕਈ ਨਵੇਂ ਉਮੀਦਵਾਰ ਵੀ ਮੈਦਾਨ ਵਿੱਚ ਆ ਗਏ ਹਨ। ਹਾਲਾਂਕਿ ਨਗਰ ਨਿਗਮ ਚੋਣਾਂ ਬਾਰੇ ਕੋਈ ਐਲਾਨ ਨਾ ਹੋਣ ਕਾਰਨ ਜਿਆਦਾਤਰ ਉਮੀਦਵਾਰ ਦੁਚਿੱਤੀ ਦਾ ਵੀ ਸ਼ਿਕਾਰ ਹਨ ਪਰੰਤੂ ਇੱਕ ਦੂਜੇ ਦੀ ਦੇਖਾਦੇਖੀ ਉਹਨਾਂ ਵਲੋਂ ਰਸਮੀ ਚੋਣ ਪ੍ਰਚਾਰ ਆਰੰਭ ਦਿੱਤਾ ਗਿਆ ਹੈ। ਚੋਣ ਲੜਣ ਦੇ ਚਾਹਵਾਨ ਇਹਨਾਂ ਉਮੀਦਵਾਰਾਂ ਵਲੋਂ ਆਪੋ ਆਪਣੇ ਵਾਰਡਾਂ ਦੀਆਂ ਮੁਸ਼ਕਲਾਂ ਅਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵੀ ਚੁੱਕਿਆ ਜਾ ਰਿਹਾ ਹੈ ਅਤੇ ਲੋਕਾਂ ਨਾਲ ਵਾਇਦੇ ਕੀਤੇ ਜਾ ਰਹੇ ਹਨ ਕਿ ਚੋਣਾਂ ਵਿੱਚ ਜਿੱਤ ਹਾਸਿਲ ਹੋਣ ਤੋਂ ਬਾਅਦ ਉਹ ਇਹਨਾਂ ਸਮੱਸਿਆਵਾਂ ਨੂੰ ਪੂਰੀ ਤਰ੍ਹਾਂ ਹਲ ਕਰ ਦੇਣਗੇ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜਲੰਧਰ ਦੇ ਨਕੋਦਰ ਵਿਖੇ ਨੂਰਮਹਿਲ ਰੋਡ 'ਤੇ ਸੰਗਤਪੁਰ ਬੱਸ ਸਟੈਂਡ ਨੇੜੇ ਕਾਰ ਅਤੇ ਈ-ਰਿਕਸ਼ਾ 'ਚ ਟੱਕਰ

## ਹਾਦਸੇ 'ਚ ਇੱਕ ਦੀ ਮੌਤ, ਤਿੰਨ ਜ਼ਖ਼ਮੀ, ਪੁਲਿਸ ਨੇ ਕਾਰ ਚਾਲਕ ਬਿੱਟੂ ਕੁਮਾਰ ਨੂੰ ਕੀਤਾ ਗ੍ਰਿਫ਼ਤਾਰ



**ਜਲੰਧਰ:** ਨਕੋਦਰ ਦੇ ਨੂਰਮਹਿਲ ਰੋਡ 'ਤੇ ਸੰਗਤਪੁਰ ਬੱਸ ਸਟੈਂਡ ਨੇੜੇ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਬਿਲਗਾ ਪੁਲਿਸ ਨੇ ਇਸ ਮਾਮਲੇ ਵਿੱਚ ਕਾਰ ਚਾਲਕ ਬਿੱਟੂ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਖ਼ਮੀਆਂ ਨੂੰ ਫਿਲੌਰ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਹ ਹਾਦਸਾ ਕਾਰ (ਫਭ 43੍ 0452) ਅਤੇ ਈ-ਰਿਕਸ਼ਾ ਵਿਚਕਾਰ ਆਹਮੋ-ਸਾਹਮਣੇ ਦੀ ਟੱਕਰ ਕਾਰਨ ਹੋਇਆ। ਈ-ਰਿਕਸ਼ਾ ਦੇ ਮਾਲਕ ਕੁਲਦੀਪ ਸਿੰਘ (58) ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਸਵੇਰੇ ਦੁਕਾਨਾਂ 'ਤੇ ਕੈਂਪਰਾਂ ਰਾਹੀਂ ਪਾਣੀ ਦੀ ਸਪਲਾਈ ਦੇਣ ਜਾ ਰਹੇ ਸਨ। ਮ੍ਰਿਤਕ ਦੇ ਭਰਾ ਅਮਰਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ, ਵਾਸੀ ਫਿਲੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਫ਼ੋਨ 'ਤੇ ਹਾਦਸੇ ਦੀ ਸੂਚਨਾ ਮਿਲੀ ਸੀ। ਮੌਕੇ 'ਤੇ ਪਹੁੰਚਣ 'ਤੇ ਉਨ੍ਹਾਂ ਨੇ ਆਪਣੇ ਭਰਾ ਕੁਲਦੀਪ ਸਿੰਘ ਨੂੰ ਮ੍ਰਿਤਕ ਪਾਇਆ। ਉਨ੍ਹਾਂ ਇਹ ਵੀ ਦੱਸਿਆ ਕਿ ਕੁਲਦੀਪ ਸਿੰਘ ਈ-ਰਿਕਸ਼ਾ 'ਤੇ ਸਾਮਾਨ ਲੈ ਕੇ ਨੂਰਮਹਿਲ ਵੱਲ ਜਾ ਰਹੇ ਸਨ। ਕਾਰ ਚਾਲਕ ਦੀ ਪਛਾਣ ਲੁਧਿਆਣਾ ਦੇ ਮਾਛੀਵਾੜਾ ਵਾਸੀ ਬਿੱਟੂ ਕੁਮਾਰ ਪੁੱਤਰ ਪੱਪੂ ਕੁਮਾਰ ਵਜੋਂ ਹੋਈ ਹੈ। ਉਸ ਨੇ ਪੁਲਿਸ ਨੂੰ ਦੱਸਿਆ ਕਿ ਉਹ ਨਕੋਦਰ ਤੋਂ ਮੱਥਾ ਟੇਕਣ ਤੋਂ ਬਾਅਦ ਮਾਛੀਵਾੜਾ ਜਾ ਰਿਹਾ ਸੀ। ਉਸ ਦੀ ਕਾਰ ਵਿੱਚ ਪਰਿਵਾਰਕ ਮੈਂਬਰ ਵੀ ਸਨ, ਤਦ ਹੀ ਸੰਗਤਪੁਰ ਅੱਡੇ 'ਤੇ ਈ-ਰਿਕਸ਼ਾ ਨਾਲ ਟੱਕਰ ਹੋ ਗਈ। ਇਸ ਹਾਦਸੇ ਵਿੱਚ ਕਾਰ ਵਿੱਚ ਸਵਾਰ ਤਿੰਨ ਲੋਕ ਵੀ ਜ਼ਖ਼ਮੀ ਹੋ ਗਏ। ਬਿਲਗਾ ਥਾਣੇ ਦੇ ਏ.ਐਸ.ਆਈ. ਬਗੀਚਾ ਸਿੰਘ ਨੇ ਜਾਣਕਾਰੀ ਦਿੱਤੀ ਕਿ ਸਵੇਰੇ 112 'ਤੇ ਹਾਦਸੇ ਦੀ ਸੂਚਨਾ ਮਿਲੀ ਸੀ। ਪੁਲਿਸ ਟੀਮ ਤੁਰੰਤ ਮੌਕੇ 'ਤੇ ਪਹੁੰਚੀ, ਜਿੱਥੇ ਇੱਕ ਵਿਅਕਤੀ ਦੀ ਮੌਤ ਹੋ ਚੁੱਕੀ ਸੀ ਅਤੇ ਤਿੰਨ ਲੋਕ ਜ਼ਖ਼ਮੀ ਸਨ। ਜ਼ਖ਼ਮੀਆਂ ਨੂੰ ਐਂਬੂਲੈਂਸ ਰਾਹੀਂ ਫਿਲੌਰ ਸਿਵਲ ਹਸਪਤਾਲ ਭੇਜਿਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਮ੍ਰਿਤਕ ਦੀ ਲਾਸ਼ ਨੂੰ ਫਿਲੌਰ ਸਿਵਲ ਹਸਪਤਾਲ ਦੇ ਮੁਰਦਾਘਰ ਵਿੱਚ ਰਖਵਾਇਆ ਗਿਆ ਹੈ। ਪੁਲਿਸ ਨੇ ਕਾਰ ਚਾਲਕ ਬਿੱਟੂ ਕੁਮਾਰ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਪ੍ਰੇਮੀ ਨਾਲ ਵਿਆਹ ਦੀ ਜਿੱਦ ਵਿੱਚ ਮੋਬਾਈਲ ਟਾਵਰ ਤੇ ਚੜ੍ਹੀ ਕੁੜੀ

**ਮਊ, ।** ਉੱਤਰ ਪ੍ਰਦੇਸ਼ ਦੇ ਮਊ ਜ਼ਿਲ੍ਹੇ ਵਿੱਚ ਪ੍ਰੇਮੀ ਨਾਲ ਵਿਆਹ ਦੀ ਜਿੱਦ ਨੂੰ ਲੈ ਕੇ ਅੱਜ ਇਕ ਕੁੜੀ ਦੇ ਮੋਬਾਈਲ ਟਾਵਰ ਤੇ ਚੜ੍ਹ ਗਈ। ਪੁਲੀਸ ਨੇ ਕਾਫ਼ੀ ਕੋਸ਼ਿਸ਼ ਮਗਰੋਂ ਕੁੜੀ ਨੂੰ ਸਹੀ ਸਲਾਮਤ ਹੇਠਾਂ ਉਤਾਰ ਲਿਆ। ਪੁਲੀਸ ਸੂਤਰਾਂ ਨੇ ਦੱਸਿਆ ਕਿ ਘੋਸੀ ਕੋਤਵਾਲੀ ਖੇਤਰ ਦੇ ਲਖਨੀ ਮੁਬਾਰਕਪੁਰ ਪਿੰਡ ਵਿੱਚ ਅੱਜ ਸਵੇਰੇ ਗੁਆਂਢੀ ਪਿੰਡ ਮਾਨਿਕਪੁਰ ਦੀ ਇਕ ਕੁੜੀ ਮੋਬਾਈਲ ਟਾਵਰ ਤੇ ਚੜ੍ਹ ਗਈ। ਦੱਸਿਆ ਜਾ ਰਿਹਾ ਹੈ ਕਿ ਕੁੜੀ ਦਾ ਲਖਨੀ ਮੁਬ-ਾਰਕਪੁਰ ਵਾਸੀ ਇਕ ਨੌਜਵਾਨ ਨਾਲ ਪ੍ਰੇਮ ਪ੍ਰਸੰਗ ਚੱਲ ਰਿਹਾ ਸੀ ਪਰ ਦੋਵਾਂ ਦੇ ਪਰਿਵਾਰ ਵਾਲੇ ਇਸ ਰਿਸ਼ਤੇ ਲਈ ਤਿਆਰ ਨਹੀਂ ਸਨ। ਉੱਥੇ ਹੀ ਨੌਜਵਾਨ ਵੀ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਿਹਾ ਸੀ, ਜਿਸ ਕਾਰਨ ਦੁਖੀ ਹੋ ਕੇ ਕੁੜੀ ਨੇ ਇਹ ਕਦਮ ਚੁੱਕਿਆ। ਸਵੇਰੇ ਸੈਰ ਲਈ ਨਿਕਲੇ ਪਿੰਡ ਵਾਸੀਆਂ ਨੇ ਜਦੋਂ ਕੁੜੀ ਨੂੰ ਟਾਵਰ ਤੇ ਦੇਖਿਆ ਤਾਂ ਤੁਰੰਤ ਡਾਇਲ 112 ਤੇ ਸੂਚਨਾ ਦਿੱਤੀ। ਸੂਚਨਾ ਮਿਲਦੇ ਹੀ ਪੁਲੀਸ ਮੌਕੇ ਤੇ ਪਹੁੰਚੀ ਅਤੇ ਖੇਤਰ ਅਧਿਕਾਰੀ ਘੋਸੀ ਜਿਤੇਂਦਰ ਸਿੰਘ ਦੀ ਅਗਵਾਈ ਵਿੱਚ ਕੁੜੀ ਨੂੰ ਸਮਝਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਗਈ। ਇਸ ਦੌਰਾਨ ਕੁੜੀ ਆਪਣੇ ਪ੍ਰੇਮੀ ਅਤੇ ਪਰਿਵਾਰ ਵਾਲਿਆਂ ਨੂੰ ਮੌਕੇ ਤੇ ਬੁਲ-ਾਉਣ ਦੀ ਜਿੱਦ ਤੇ ਅੜੀ ਰਹੀ। ਪੁਲੀਸ ਨੇ ਕੁੜੀ ਦੀ ਮੰਗ ਤੇ ਸੰਬੰਧਤ ਲੋਕਾਂ ਨੂੰ ਮੌਕੇ ਤੇ ਬੁਲਾਇਆ ਅਤੇ ਕਾਫ਼ੀ ਸਮਝਾਉਣ ਤੋਂ ਬਾਅਦ ਉਸ ਸੁਰੱਖਿਅਤ ਹੇਠਾਂ ਉਤਾਰ ਲਿਆ। ਘਟਨਾ ਦੌਰਾਨ ਮੌਕੇ ਤੇ ਪਿੰਡ ਵਾਸੀਆਂ ਦੀ ਭੀੜ ਜੁਟੀ ਰਹੀ। ਪੁਲੀਸ ਅਨੁਸਾਰ ਫਿਲਹਾਲ ਦੋਵਾਂ ਪੱਖਾਂ ਵਿਚਾ-ਲੇ ਗੱਲਬਾਤ ਕਰ ਕੇ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



# ਪ੍ਰਿੰਸੀਪਲ ਤੋਂ ਜਲੀਲ ਹੋਏ ਵਿਦਿਆਰਥੀ ਨੇ ਜ਼ਹਿਰ ਖਾ ਕੇ ਕੀਤੀ ਖ਼ੁਦਕੁਸ਼ੀ

## ਨਿੱਜੀ ਸਕੂਲ ਦੇ ਪ੍ਰਿੰਸੀਪਲ ਨੇ ਦੋ ਪੀਰੀਅਡ ਧੁੱਪ ਵਿੱਚ ਖੜ੍ਹੇ ਰਹਿਣ ਦੀ ਦਿੱਤੀ ਸੀ ਸਜ਼ਾ



**ਗੁਰਦਾਸਪੁਰ।** ਗੁਰਦਾਸਪੁਰ ਦੇ ਬਲਾਕ ਕਾਹਨੂੰਵਾਨ ਦੇ ਪਿੰਡ ਝੰਡਾ ਲੁਬਾਣਾ ਦੇ ਇਕ ਵਿਦਿਆਰਥੀ ਨੇ ਕਸਬਾ ਦਸੂਆ ਦੇ ਨਾਮੀ ਨਿੱਜੀ ਸਕੂਲ ਪ੍ਰਸ਼ਾਸ਼ਨ ਤੋਂ ਤੰਗ ਹੋ ਕੇ ਜੀਵਨ ਲੀਲ੍ਹਾ ਖ਼ਤਮ ਕਰ ਲਈ ਹੈ। ਜਾਣਕਾਰੀ ਅਨੁਸਾਰ 15 ਸਾਲਾ ਨਵਜੋਤ ਸਿੰਘ ਨੇੜਲੇ ਸ਼ਹਿਰ ਦਸੂਹਾ ਦੇ ਇਕ ਨਾਮੀ ਨਿੱਜੀ ਸਕੂਲ ਵਿਚ ਪੜ੍ਹਦਾ ਸੀ। ਬੀਤੇ 27 ਅਪ੍ਰੈਲ ਨੂੰ ਉਸ ਨੂੰ ਸਕੂਲ ਪ੍ਰਸ਼ਾਸ਼ਨ ਵੱਲੋਂ ਕੋਈ ਮਾਮੂਲੀ ਗ਼ਲਤੀ ਕਰਕੇ ਸਖ਼ਤ ਸਜ਼ਾ ਦਿੱਤੀ ਗਈ ਅਤੇ ਦੋ ਪੀਰੀਅਡ ਧੁੱਪ ਵਿੱਚ ਖੜ੍ਹਾ ਕਰਕੇ ਰੱਖਿਆ ਗਿਆ। ਜਿਸ ਤੋਂ ਪ੍ਰੇਸ਼ਾਨ ਹੋ ਕੇ ਨਵਜੋਤ ਸਿੰਘ ਨੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਜਿਥੇ ਇਲਾਜ ਦੌਰਾਨ ਨਵਜੋਤ ਸਿੰਘ ਨੇ ਦਮ ਤੋੜ ਦਿੱਤਾ। ਪਰਿਵਾਰ ਵੱਲੋਂ ਸਿਹਰੇ ਨਾਲ ਸਜਾ ਕੇ ਨਵਜੋਤ ਸਿੰਘ ਦਾ ਅੰਤਿਮ ਸਸਕਾਰ ਕੀਤਾ ਗਿਆ। ਉੱਥੇ ਹੀ ਸੰਸਕਾਰ 'ਤੇ ਪਹੁੰਚੇ ਸਕੂਲ ਦੇ ਵਿਦਿਆਰਥੀਆਂ ਨੇ ਸਾਰੀ ਘਟਨਾ ਬਾਰੇ ਦੱਸਦੇ ਹੋਏ ਸਕੂਲ ਪ੍ਰਬੰਧਨ ਦੀਆਂ ਵਧੀਕੀਆਂ ਦਾ ਵੀ ਖੁਲਾਸਾ ਕੀਤਾ ਅਤੇ ਨਾਲ ਹੀ ਮੰਗ ਕੀਤੀ ਹੈ ਕਿ ਨਵਜੋਤ ਦੇ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਏ ਅਤੇ ਸਕੂਲ ਪ੍ਰਬੰਧਨ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਭੈਣੀ ਮੀਆਂ ਖਾਨ ਦੇ ਡੀਐਸਪੀ ਕੁਲਵੰਤ ਸਿੰਘ ਮਾਨ ਨੇ ਦੱਸਿਆ ਕਿ ਪੁਲਿਸ ਵੱਲੋਂ ਸਕੂਲ ਪ੍ਰਬੰਧਕ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਏ.ਕੇ.ਐਮ ਪੰਜਾਬ ਵੱਲੋਂ 4 ਮਈ ਨੂੰ ਪੰਜਾਬ ਦੇ ਸਾਰੇ ਟੋਲ ਕੀਤੇ ਜਾਣਗੇ ਬੰਦ- ਜਥੇ: ਨਿਮਾਣਾ

## 30 ਅਪ੍ਰੈਲ ਤੱਕ ਅਬਾਦਕਾਰ ਕਿਸਾਨਾਂ ਨੂੰ ਮੁਆਵਜ਼ਾ ਨਾ ਮਿਲਣ ਕਰਕੇ ਖ਼ਫ਼ਾ ਨੇ ਕਿਸਾਨ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਸਰਕਾਰ ਵੱਲੋਂ 30 ਅਪ੍ਰੈਲ ਤੱਕ ਅਬਾਦਕਾਰ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ ਸੀ, ਪਰ ਅਜੇ ਤੱਕ ਕਿਸਾਨਾਂ ਨੂੰ ਕੋਈ ਰਾਹਤ ਨਹੀਂ ਮਿਲੀ, ਜਿਸ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਰੋਸ ਵਜੋਂ ਏ.ਕੇ.ਐਮ ਪੰਜਾਬ ਵੱਲੋਂ 4 ਮਈ ਨੂੰ ਪੰਜਾਬ ਦੇ ਸਾਰੇ ਟੋਲ ਪਲਾਜ਼ਾ ਨੂੰ ਸਵੇਰੇ 11 ਵਜੇ ਤੋਂ ਅਣਮਿਥੇ ਸਮੇਂ ਲਈ ਬੰਦ ਕਰ ਦਿੱਤਾ ਜਾਵੇਗਾ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਏ.ਕੇ.ਐਮ ਪੰਜਾਬ ਦੇ ਸੀਨੀਅਰ ਆਗੂ ਅਤੇ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕੀਤਾ। ਕਿਸਾਨ ਆਗੂ ਜੱਥੇ; ਨਿਮਾਣਾ ਨੇ ਦੋਸ਼ ਲਗਾਇਆ ਕਿ ਹੜਾਂ ਕਾਰਨ ਝੋਨੇ ਦੀ ਫਸਲ ਬਰਬਾਦ ਹੋਈ ਸੀ । ਅਬਾਦਕਾਰ ਕਿਸਾਨਾਂ ਨੂੰ ਕੱਚੀਆਂ ਪੈਲੀਆਂ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ, ਬੇਮੌਸਮੀ ਬਾਰਸ਼ਾਂ ਅਤੇ ਹੋਰ ਕੁਦਰਤੀ ਆਫ਼ਤਾਂ ਕਾਰਨ ਫਸਲਾਂ ਦਾ ਵੱਡਾ ਨੁਕਸਾਨ ਹੋਇਆ ਸੀ, ਪਰ ਸਰਕਾਰ ਨੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਵਿੱਚ ਗੰਭੀਰਤਾ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਤੁਰੰਤ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ, ਏਕੇਐਮ ਪੰਜਾਬ ਨੇ ਸਾਰੇ ਕਿਸਾਨਾਂ ਅਤੇ ਆਮ ਲੋਕਾਂ ਨੂੰ 4 ਮਈ ਦੇ ਟੋਲ ਪਲਾਜ਼ਾ ਬੰਦ ਕਰਨ ਤੇ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਇਸ ਮੌਕੇ ਅਮਰਜੀਤ ਸਿੰਘ ਭੱਟੀ ਸੀਨੀਅਰ ਮੀਤ ਪ੍ਰਧਾਨ, ਗੁਰਦੀਪ ਸਿੰਘ ਗਰੇਵਾਲ ਪ੍ਰਚਾਰ ਸਕੱਤਰ, ਪ੍ਰਭਦੀਪ ਸਿੰਘ ਸੇਖੋਂ ਜ਼ਿਲ੍ਹਾ ਦਿਹਾਤੀ ਪ੍ਰਧਾਨ, ਕੁਲਦੀਪ ਸਿੰਘ ਸੈਨੀ, ਕੰਵਲਜੀਤ ਸਿੰਘ ਢਿੱਲੋਂ, ਕੁਲਦੀਪ ਸਿੰਘ ਖਾਲਸਾ ਸੀ. ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਹਸਨਪੁਰ, ਗੁਰਵਿੰਦਰ ਸਿੰਘ, ਪਰਮਜੀਤ ਸਿੰਘ, ਸੁਰਜੀਤ ਸਿੰਘ, ਰਣਧੀਰ ਸਿੰਘ ਧੀਰਾ ਹਾਜ਼ਰ ਸਨ ।

# ਵਿਧਾਇਕ ਰੰਧਾਵਾ ਨੇ ਯੁੱਧ ਨਸ਼ਿਆਂ ਵਿਰੁੱਧ ਦੇ ਬਲਾਕ ਕੋਆਰਡੀਨੇਟਰਾਂ ਨਾਲ ਕੀਤੀ ਰਣਨੀਤਿਕ ਮੀਟਿੰਗ



ਡੇਰਾਬੱਸੀ,2 ਮਈ (ਸੰਜੀਵ ਸਿੰਘ ਸੈਣੀ) "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਨੂੰ ਮਜ਼ਬੂਤ ਕਰਨ ਲਈ ਹਲਕਾ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਵੱਲੋਂ ਡੇਰਾਬੱਸੀ ਹਲਕੇ ਦੇ ਬਲਾਕ ਕੋਆਰਡੀਨੇਟਰਾਂ ਨਾਲ ਇਕ ਵਿਸਥਾਰਪੂਰਵਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਹਲਕੇ ਭਰ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਯੋਜਨਾਬੰਦੀ ਕੀਤੀ ਗਈ। ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਹਰ ਪਿੰਡ ਅਤੇ ਵਾਰਡ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣਗੇ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਨੁਕਸਾਨ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾਵੇਗਾ। ਇਸ ਤੋਂ ਇਲਾਵਾ, ਸਥਾਨਕ ਪੱਧਰ 'ਤੇ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਵੱਖ-ਵੱਖ ਟੀਮਾਂ ਵੀ ਤਾਇਨਾਤ ਕੀਤੀਆਂ ਜਾਣਗੀਆਂ। ਇਸ ਮੌਕੇ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਸਰਕਾਰ ਦੇ ਨਾਲ-ਨਾਲ ਸਮਾਜ ਦੇ ਹਰ ਵਰਗ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਇਹ ਲੜਾਈ ਸਾਂਝੇ ਤੌਰ 'ਤੇ ਲੜਨੀ ਪਵੇਗੀ ਅਤੇ ਇਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਮੀਟਿੰਗ ਵਿੱਚ ਮਾਲਵਾ ਈਸਟ ਜੋਨ ਇੰਚਾਰਜ ਅਨੁ ਬੱਬਰ ਅਤੇ ਹੋਰ ਸੀਨੀਅਰ ਆਗੂਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਮੁਹਿੰਮ ਨੂੰ ਜਮੀਨੀ ਪੱਧਰ 'ਤੇ ਕਾਮਯਾਬ ਬਣਾਉਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

# ਪੰਜਾਬ 'ਚ ਧੱਕੇਸ਼ਾਹੀ ਦਾ ਸ਼ਿਕਾਰ ਹੋਈ ਐਨ ਆਰ ਆਈ ਅਲਕਾ ਰਾਣੀ ਨੇ ਭਵਿੱਖ ਚ ਆਪਣੇ ਵਤਨ ਪੰਜਾਬ ਜਾਣ ਤੋਂ ਕੀਤੀ ਤੌਬਾ

## ਅਲਕਾ ਰਾਣੀ ਦੇ ਨਾਬਾਲਗ ਬੱਚੇ ਦੇ ਮਨ ਚ ਅਜੇ ਵੀ ਸਹਿਮ



ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੀ ਹੋਈ ਪੀੜਤ ਅਲਕਾ ਰਾਣੀ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ। ਤਸਵੀਰ :- ਸੁਖਜਿੰਦਰ ਸਿੰਘ ਢੱਡੇ

**ਲੈਸਟਰ (ਇੰਗਲੈਂਡ), 2 ਮਈ (ਸੁਖਜਿੰਦਰ ਸਿੰਘ ਢੱਡੇ)-** ਯੂ ਕੇ ਦੀ ਵਸਨੀਕ ਐਨ.ਆਰ.ਆਈ ਮਹਿਲਾ ਅਲਕਾ ਰਾਣੀ ਨਾਲ ਪੰਜਾਬ ਦੌਰੇ ਦੌਰਾਨ ਵਾਪਰੀ ਹੱਡਬੀਤੀ ਨੇ ਪ੍ਰਵਾਸੀ ਭਾਈਚਾਰੇ ਵਿੱਚ ਚਿੰਤਾ ਦੀ ਲਹਿਰ ਦੌੜਾ ਦਿੱਤੀ ਹੈ। ਆਪਣੇ ਨਾਬਾਲਿਗ ਪੁੱਤਰ ਨਾਲ ਆਪਣੇ ਵਤਨ ਪੰਜਾਬ ਗਈ ਅਲਕਾ ਰਾਣੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਜਦੋਂ ਹੁਸ਼ਿਆਰਪੁਰ ਪੁਲਿਸ ਵੱਲੋਂ ਉਸ 'ਤੇ ਝੂਠਾ ਕੇਸ ਦਰਜ ਕਰਕੇ ਉਸ ਨੂੰ ਅਤੇ ਉਸ ਦੇ ਬਿਮਾਰ ਨਾਬਾਲਿਗ ਬੱਚੇ ਨੂੰ ਥਾਣੇ ਲਿਜਾ ਕੇ ਤੱਕ ਤੰਗ ਪ੍ਰੇਸ਼ਾਨ ਕੀਤਾ ਗਿਆ।

ਬੀਤੇ ਦਿਨ ਪੰਜਾਬ 'ਚ ਖੱਜਲ-ਖੁਆਰੀ ਸਹਿਣ ਤੋਂ ਬਾਅਦ ਇੰਗਲੈਂਡ ਪਰਤੀ ਅਲਕਾ ਰਾਣੀ ਨੇ ਅੱਜ ਪ੍ਰੈਸ ਕਾਨਫਰੰਸ ਦੌਰਾਨ ਆਪਣੀ ਦਰਦ-ਨਾਕ ਕਹਾਣੀ ਬਿਆਨ ਕਰਦਿਆਂ ਕਿਹਾ ਕਿ ਉਹ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਪਣੇ ਭਰਾ ਅਤੇ ਪੁੱਤਰ ਨਾਲ ਪੰਜਾਬ ਗਈ ਸੀ, ਪਰ ਉਥੇ ਪੁੱਜਣ ਤੇ ਉਸ 'ਤੇ ਹੁਸ਼ਿਆਰਪੁਰ ਪੁਲਿਸ ਵੱਲੋ ਐਫ.ਆਈ.ਆਰ. ਦਰਜ ਕਰ ਦਿੱਤੀ ਗਈ।

ਉਸ ਨੇ ਦੱਸਿਆ ਕਿ ਉਸ ਦੇ ਪੁੱਤਰ ਨੂੰ ਉਸ ਸਮੇਂ ਤੇਜ਼ ਬੁਖਾਰ ਸੀ, ਫਿਰ ਵੀ ਪੁਲਿਸ ਵੱਲੋਂ ਕਿਸੇ ਤਰ੍ਹਾਂ ਦੀ ਰਹਿਮਦਿਲੀ ਨਾ ਦਿਖਾਈ ਗਈ। "ਮੇਰੇ ਨਾਲ ਅਪਰਾਧੀਆਂ ਵਾਂਗ ਵਤੀਰਾ ਕੀਤਾ ਗਿਆ, ਜਦਕਿ ਮੈਂ ਬਿਲਕੁਲ ਬੇਕਸੂਰ ਸੀ," ਅਲਕਾ ਰਾਣੀ ਨੇ ਭਾਵੁਕ ਹੁੰਦਿਆ ਕਿਹਾ ਕਿ ਥਾਣੇ ਦਾ ਮਾਹੌਲ ਇੰਨਾ ਡਰਾਉਣਾ ਸੀ ਕਿ ਉਸ ਦਾ ਪੁੱਤਰ ਵੀ ਸਹਿਮ ਗਿਆ ਅਤੇ ਉਹ ਆਪਣੇ ਆਪ ਨੂੰ ਪੂਰੀ ਤਰ੍ਹਾਂ ਬੇਸਹਾਰਾ ਮਹਿਸੂਸ ਕਰਨ ਲੱਗੀ।

ਅਲਕਾ ਰਾਣੀ ਨੇ ਕਿਹਾ ਕਿ ਪੰਜਾਬ ਵਿੱਚ ਨਾ ਤਾਂ ਉਸ ਨੂੰ ਕਾਨੂੰਨੀ ਸਹਾਇਤਾ ਮਿਲੀ ਅਤੇ ਨਾ ਹੀ ਇਨਸਾਫ ਦੀ ਕੋਈ ਉਮੀਦ ਨਜ਼ਰ ਆਈ। ਹਾਲਾਤਾਂ ਤੋਂ ਮਜਬੂਰ ਹੋ ਕੇ ਉਸ ਨੇ ਇੰਗਲੈਂਡ ਵਿੱਚ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨਾਲ ਸੰਪਰਕ ਕੀਤਾ। ਉਨ੍ਹਾਂ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਇੰਗਲੈਂਡ ਦੇ ਐਮ.ਪੀਜ਼, ਸੰਬੰਧਿਤ ਮੰਤਰਾਲਿਆਂ ਅਤੇ ਯੂ ਕੇ ਵਿਚ ਸਥਿਤ ਇੰਡੀਅਨ ਹਾਈ ਕਮਿਸ਼ਨ ਤੱਕ ਮਾਮਲਾ ਪਹੁੰਚਾਇਆ ਗਿਆ।

ਇਸ ਦਖਲਅੰਦਾਜ਼ੀ ਤੋਂ ਬਾਅਦ ਹੀ ਪੁਲਿਸ ਵੱਲੋਂ ਅਲਕਾ ਰਾਣੀ 'ਤੇ ਦਰਜ ਕੀਤਾ ਗਿਆ ਕੇਸ ਰੱਦ ਕੀਤਾ ਗਿਆ ਅਤੇ ਉਸ ਨੂੰ ਅਤੇ ਉਸ ਦੇ ਪੁੱਤਰ ਨੂੰ ਪਾਸਪੋਰਟ ਵਾਪਸ ਕੀਤੇ ਗਏ, ਜਿਸ ਨਾਲ ਉਹ ਵਾਪਸ ਯੂ ਕੇ ਆ ਸਕੀ। ਹਾਲਾਂਕਿ ਇਸ ਸਾਰੀ ਪ੍ਰਕਿਰਿਆ ਦੌਰਾਨ ਉਸ ਨੂੰ ਕਰੀਬ 5 ਹਜ਼ਾਰ ਪੌਂਡ ਦਾ ਆਰਥਿਕ ਨੁਕਸਾਨ ਝੱਲਣਾ ਪਿਆ, ਜੋ ਅਜੇ ਤੱਕ ਵਾਪਸ ਨਹੀਂ ਮਿਲਿਆ। ਯੂ ਕੇ ਪਹੁੰਚ ਕੇ ਅਲਕਾ ਰਾਣੀ ਨੇ ਸਖ਼ਤ ਲਹਿਜ਼ੇ ਵਿੱਚ ਕਿਹਾ, "ਜੇ ਆਪਣੇ ਹੀ ਵਤਨ ਵਿੱਚ ਐਨ.ਆਰ.ਆਈਜ਼ ਨਾਲ ਇਹੋ ਜਿਹਾ ਵਤੀਰਾ ਹੋਵੇਗਾ ਤਾਂ ਕੌਣ ਆਪਣੇ ਵਤਨ ਪੰਜਾਬ ਜਾਣਾ ਚਾਹੇਗਾ?" ਉਸ ਨੇ ਕਿਹਾ ਕਿ ਇਸ ਤਜਰਬੇ ਨੇ ਉਸ ਦਾ ਪੰਜਾਬ 'ਤੋ ਭਰੋਸਾ ਉਠਾ ਦਿੱਤਾ ਹੈ ਅਤੇ ਹੁਣ ਉਹ ਭਵਿੱਖ ਵਿੱਚ ਕਦੇ ਵੀ ਆਪਣੇ ਵਤਨ ਪੰਜਾਬ ਜਾਣ ਬਾਰੇ ਨਹੀਂ ਸੋਚੇਗੀ।

ਉਸ ਨੇ ਵਿਦੇਸ਼ਾਂ ਵਿੱਚ ਵੱਸਦੇ ਐਨ.ਆਰ.ਆਈ ਭਾਈਚਾਰੇ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਜਾਣ ਤੋਂ ਪਹਿਲਾਂ ਉਹ ਪੂਰੀ ਤਰ੍ਹਾਂ ਸੋਚ-ਵਿਚਾਰ ਕਰਨ, ਕਿਉਂਕਿ ਉਥੇ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜੇ ਹੋ ਰਹੇ ਹਨ।

ਇਸ ਮੌਕੇ ਇੰਡਿਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਵੱਲੋਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਤਲ ਸਿੰਘ ਗਿੱਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਐਨ.ਆਰ.ਆਈਜ਼ ਨਾਲ ਵਾਪਰ ਰਹੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ 'ਤੇ ਤੁਰੰਤ ਰੋਕ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਸੂਬੇ ਦੀ ਤਰੱਕੀ ਲਈ ਪੰਜਬ ਚ ਨਿਵੇਸ਼ ਕਰਨ ਦੇ ਇੱਛੁਕ ਹਨ, ਪਰ ਜੇ ਉਨ੍ਹਾਂ ਨਾਲ ਇਸੇ ਤਰ੍ਹਾਂ ਦੀ ਧੱਕੇਸ਼ਾਹੀ ਜਾਰੀ ਰਹੀ ਤਾਂ ਉਹ ਪੰਜਾਬ ਨਾਲੋਂ ਮੂੰਹ ਮੋੜ ਸਕਦੇ ਹਨ। ਸ. ਗਿੱਲ ਨੇ ਚੇਤਾਵਨੀ ਦਿੱਤੀ ਕਿ ਇਹ ਮਾਮਲਾ ਸਿਰਫ ਇਕ ਵਿਅਕਤੀ ਦੀ ਪੀੜ ਨਹੀਂ, ਸਗੋਂ ਪੂਰੇ ਐਨ.ਆਰ.ਆਈ ਭਾਈਚਾਰੇ ਦੇ ਭਰੋਸੇ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਐਨ.ਆਰ.ਆਈਜ਼ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ, ਤਾਂ ਜੋ ਉਹ ਨਿਰਭੈ ਹੋ ਕੇ ਆਪਣੇ ਵਤਨ ਪੰਜਾਬ ਜਾ ਆ ਸਕਣ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਇਮਾਨਦਾਰ, ਪੜ੍ਹੇ-ਲਿਖੇ ਅਤੇ ਨਿਰਸਵਾਰਥ ਸੇਵਾ ਕਰਨ ਵਾਲੇ ਆਗੂ ਜਤਿੰਦਰ ਸੇਠੀ ਬਣੇ ਵਾਰਡ ਨੰਬਰ 2 ਲਈ ਆਸ ਦੀ ਕਿਰਨ

**● ਪਿਤਾ ਦੀ ਗੁੜਤੀ ਤੋਂ ਮਿਲਿਆ ਜਤਿੰਦਰ ਸੇਠੀ ਨੂੰ ਸਿਆਸਤ ਦੀ ਸਮਝ ਅਤੇ ਤਜਰਬਾ ● ਆਪਣੀ ਵਾਰਡ ਨੂੰ ਆਪਣਾ ਪਰਿਵਾਰ ਮੰਨਦਾ ਹੈ ਜਤਿੰਦਰ ਸੇਠੀ**



**ਕਪੂਰਥਲਾ, 2 ਮਈ (ਕੌੜਾ )–** ਨਗਰ ਕੌਂਸਲ ਚੋਣਾਂ 2026 ਦੇ ਮੱਦੇਨਜ਼ਰ ਵਾਰਡ ਨੰਬਰ 2 ਵਿੱਚ ਸਿਆਸੀ ਮਾਹੌਲ ਕਾਫੀ ਗਰਮਾਇਆ ਹੋਇਆ ਹੈ। ਆਮ ਆਦਮੀ ਪਾਰਟੀ ਵੱਲੋਂ ਇਸ ਵਾਰ ਇੱਕ ਮਜ਼ਬੂਤ ਤੇ ਲੋਕਪ੍ਰਿਯ ਚਿਹਰਾ ਮੈਦਾਨ ਵਿੱਚ ਉਤਾਰਿਆ ਗਿਆ ਹੈ। ਨੌਜਵਾਨਾਂ ਦੇ ਦਿਲਾਂ ਦੀ ਧੜਕਣ ਅਤੇ ਸੀਨੀਅਰ ਪੱਤਰਕਾਰ ਜਤਿੰਦਰ ਸੇਠੀ ਨੂੰ ਪਾਰਟੀ ਨੇ ਆਪਣਾ ਉਮੀਦਵਾਰ ਬਣਾਇਆ ਹੈ, ਜਿਸ ਨਾਲ ਚੋਣੀ ਮੁਕਾਬਲਾ ਹੋਰ ਵੀ ਦਿਲਚਸਪ ਬਣ ਗਿਆ ਹੈ। ਜਤਿੰਦਰ ਸੇਠੀ ਪਿਛਲੇ ਕਾਫੀ ਸਮੇਂ ਤੋਂ ਸਮਾਜਿਕ ਅਤੇ ਪੱਤਰਕਾਰਤਾ ਦੇ ਖੇਤਰ ਵਿੱਚ ਸਰਗਰਮ ਰਹੇ ਹਨ। ਉਹ ਸਿਰਫ਼ ਖ਼ਬਰਾਂ ਤੱਕ ਸੀਮਿਤ ਨਹੀਂ ਰਹੇ, ਸਗੋਂ ਸ਼ਹਿਰ ਅਤੇ ਵਾਰਡ ਦੇ ਲੋਕਾਂ ਦੇ ਸੁੱਖ-ਦੁੱਖ ਵਿੱਚ ਹਮੇਸ਼ਾ ਅੱਗੇ ਆ ਕੇ ਖੜ੍ਹੇ ਰਹੇ ਹਨ। ਚਾਹੇ ਕਿਸੇ ਪਰਿਵਾਰ ਨੂੰ ਮੁਸ਼ਕਲ ਵੇਲੇ ਸਹਾਇਤਾ ਦੀ ਲੋੜ ਹੋਵੇ ਜਾਂ ਕਿਸੇ ਇਲਾਕੇ ਦੀ ਸਮੱਸਿਆ ਨੂੰ ਉੱਪਰ ਤੱਕ ਪਹੁੰਚਾਉਣਾ ਹੋਵੇ, ਜਤਿੰਦਰ ਸੇਠੀ ਨੇ ਹਰ ਵਾਰ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਖਾਸ ਗੱਲ ਇਹ ਹੈ ਕਿ 2021 ਦੀ ਪਿਛਲੀ ਨਗਰ ਕੌਂਸਲ ਚੋਣ ਵਿੱਚ ਵੀ ਜਤਿੰਦਰ ਸੇਠੀ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜੀ ਸੀ। ਉਸ ਵੇਲੇ ਜਤਿੰਦਰ ਸੇਠੀ ਨੇ ਆਪਣੇ ਵਿਰੋਧੀ ਉਮੀਦਵਾਰ ਨੂੰ ਕਾਟੇ ਦੀ ਟੱਕਰ ਦਿੱਤੀ ਸੀ ਅਤੇ ਕੁਝ ਥੋੜ੍ਹੇ ਵੋਟਾਂ ਦੇ ਅੰਤਰ ਨਾਲ ਮੁਕਾਬਲਾ ਹਾਰਿਆ ਸੀ, ਜਿਸ ਨਾਲ ਉਨ੍ਹਾਂ ਦੀ ਮਜ਼ਬੂਤ ਪਕੜ ਅਤੇ ਲੋਕਪ੍ਰਿਯਤਾ ਸਾਬਤ ਹੋਈ ਸੀ।

ਜਤਿੰਦਰ ਸੇਠੀ ਨੂੰ ਸਿਆਸਤ ਦੀ ਸਮਝ ਅਤੇ ਤਜਰਬਾ ਵੀ ਪਰਿਵਾਰਕ ਪਿਛੋਕੜ ਤੋਂ ਮਿਲਿਆ ਹੈ। ਉਨ੍ਹਾਂ ਦੇ ਆਪਣੇ ਪਿਤਾ ਪਵਨ ਸੇਠੀ ਜੀ ਵਾਰਡ ਨੰਬਰ 2 ਤੋਂ ਕੌਂਸਲਰ ਰਹਿ ਚੁੱਕੇ ਹਨ ਅਤੇ ਸ੍ਰੀ ਰਾਮ ਲੀਲ੍ਹਾ ਕਮੇਟੀ ਚੌਂਕ ਚੇਲਿਆਂ ਦੇ ਪ੍ਰਧਾਨ ਵੀ ਹਨ। ਜਿਸ ਨਾਲ ਸਿਆਸਤ ਦੀ ਸਮਝ ਅਤੇ ਤਜਰਬਾ ਪਿਤਾ ਦੀ ਗੁੜਤੀ ਤੋਂ ਹੀ ਮਿਲਿਆ ਹੈ। ਪਿਤਾ ਪਵਨ ਸੇਠੀ ਦਾ ਸਮਾਜ ਵਿੱਚ ਕਾਫੀ ਵੱਡਾ ਰੁਤਬਾ ਰਿਹਾ ਹੈ। ਇਸ ਕਰਕੇ ਸੇਠੀ ਪਰਿਵਾਰ ਦੀ ਵਾਰਡ ਅਤੇ ਸ਼ਹਿਰ ਵਿੱਚ ਇੱਕ ਮਜ਼ਬੂਤ ਪਛਾਣ ਬਣੀ ਹੋਈ ਹੈ, ਜਿਸਦਾ ਫਾਇਦਾ ਜਤਿੰਦਰ ਸੇਠੀ ਨੂੰ ਵੀ ਮਿਲ ਰਿਹਾ ਹੈ।

ਇਸ ਕਰਕੇ ਹੀ ਵਾਰਡ ਦੇ ਵਸਨੀਕਾਂ ਵਿੱਚ ਉਨ੍ਹਾਂ ਦੀ ਇੱਕ ਵੱਖਰੀ ਪਛਾਣ ਬਣ ਚੁੱਕੀ ਹੈ। ਨੌਜਵਾਨ ਵਰਗ ਖਾਸ ਤੌਰ 'ਤੇ ਉਨ੍ਹਾਂ ਨਾਲ ਜੁੜਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਇੱਕ ਇਮਾਨਦਾਰ, ਪੜ੍ਹੇ-ਲਿਖੇ ਅਤੇ ਨਿਰਸਵਾਰਥ ਸੇਵਾ ਕਰਨ ਵਾਲੇ ਆਗੂ ਵਜੋਂ ਦੇਖਦਾ ਹੈ। ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਜਤਿੰਦਰ ਸੇਠੀ ਦੀ ਉਮੀਦਵਾਰੀ ਨਾਲ ਵਾਰਡ ਵਿੱਚ ਵਿਕਾਸ ਦੀ ਇੱਕ ਨਵੀਂ ਲਹਿਰ ਆ ਸਕਦੀ ਹੈ।

ਚੋਣ ਮੈਦਾਨ ਵਿੱਚ ਉਤਰਦੇ ਹੀ ਜਤਿੰਦਰ ਸੇਠੀ ਲੋਕਾਂ ਦੀ ਪਹਿਲੀ ਪਸੰਦ ਵਜੋਂ ਉਭਰ ਰਹੇ ਹਨ। ਜਤਿੰਦਰ ਸੇਠੀ ਦਾ ਕਹਿਣਾ ਹੈ ਕਿ ਉਹ ਆਪਣੇ ਵਾਰਡ ਨੂੰ ਆਪਣੇ ਪਰਿਵਾਰ ਵਾਂਗ ਮੰਨਦੇ ਹਨ ਅਤੇ ਹਰੇਕ ਵਸਨੀਕ ਦੇ ਸੁੱਖ-ਦੁੱਖ ਵਿੱਚ ਹਮੇਸ਼ਾ ਨਾਲ ਖੜ੍ਹੇ ਰਹਿਣਗੇ।

ਹੁਣ ਦੇਖਣਾ ਇਹ ਹੈ ਕਿ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਵਿੱਚ ਵਾਰਡ ਨੰਬਰ 2 ਦੇ ਵੋਟਰ ਆਪਣੇ ਇਸ ਭਰੋਸੇ ਨੂੰ ਵੋਟਾਂ ਵਿੱਚ ਕਿਵੇਂ ਬਦਲਦੇ ਹਨ।

# ਮਾਤਾ ਸੁਖਦੇਵ ਕੌਰ ਮਾਹਲਾ ਖੁਰਦ ਨਮਿੱਤ ਅੰਤਿਮ ਅਰਦਾਸ ਅੱਜ

**ਭਲੂਰ/ਬੇਅੰਤ ਗਿੱਲ**



ਪਿੰਡ ਮਾਹਲਾ ਖੁਰਦ ਦੇ ਕਿਸਾਨੀ ਪਰਿਵਾਰ ਨਾਲ ਸਬੰਧਤ ਅਗਾਂਹਵਧੂ ਪਰਿਵਾਰ ਦੇ ਸਰਦਾਰ ਟੇਕ ਸਿੰਘ ਵਿਨੀਪੈਗ, ਸਰਦਾਰ ਜਗਦੇਵ ਸਿੰਘ ਸਿੱਧੂ, ਹਰਦੇਵ ਸਿੰਘ ਮਨੀਲਾ ਦੇ ਸਤਿਕਾਰਤ ਮਾਤਾ ਅਤੇ ਸਰਦਾਰ ਹਰਬੰਸ ਸਿੰਘ ਸਿੱਧੂ ਦੀ ਧਰਮਪਤਨੀ ਸਰਦਾਰਨੀ ਸੁਖਦੇਵ ਕੌਰ ਬੀਤੇ ਦਿਨੀਂ 24 ਅਪ੍ਰੈਲ 2026 ਦਿਨ ਸ਼ੁੱਕਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਸ ਮੌਕੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਪਿੰਡ ਦੇ ਸਰਪੰਚ ਗੁਰਸਾਹਿਬ ਸਿੰਘ ਸੈਬੀ ਨੇ ਕਿਹਾ ਕਿ ਘਰ ਦੇ ਵਿਹੜਿਆਂ ਵਿੱਚ ਮਾਂਵਾਂ ਬੈਠੀਆਂ ਹੋਣ ਤਾਂ ਘਰ ਮਹਿਕਦੇ ਰਹਿੰਦੇ ਹਨ। ਮਾਂ ਦੇ ਪੈਰਾਂ ਦੀ ਆਵਾਜ਼ ਨਾਲ ਘਰ ਦਾ ਸਵੇਰਾ ਜਾਗਦਾ ਹੈ। ਅੱਜ ਟੇਕ ਸਿੰਘ ਸਿੱਧੂ, ਜਗਦੇਵ ਸਿੰਘ ਸਿੱਧੂ ਅਤੇ ਹਰਦੇਵ ਸਿੰਘ ਸਿੱਧੂ ਦੇ ਮਾਤਾ ਦਾ ਤੁਰ ਜਾਣਾ ਬਹੁਤ ਦੁਖਦਾਈ ਹੈ। ਇਹ ਵਿਛੋੜਾ ਪਰਿਵਾਰ ਲਈ ਅਸਹਿ ਹੈ। ਇਸ ਦੁੱਖ ਦੀ ਘੜੀ ਵਿੱਚ ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਹੋਰ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਪਿੰਡਾਂ ਦੇ ਮੋਹਤਬਰ ਲੋਕਾਂ ਵੱਲੋਂ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ।

ਦੱਸ ਦੇਈਏ ਕਿ ਉਹਨਾਂ ਦਾ ਵੱਡਾ ਬੇਟਾ ਟੇਕ ਸਿੰਘ ਸਿੱਧੂ ਜੋ ਕਿ ਪਿਛਲੇ ਸਮੇਂ ਕੈਨੇਡਾ ਦੇ ਵਿੱਨੀਪੈਗ 'ਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹੈ, ਬੀਤੇ ਦਿਨ ਵਤਨ ਪਰਤ ਆਇਆ ਹੈ । ਇਸੇ ਤਰ੍ਹਾਂ ਛੋਟਾ ਬੇਟਾ ਹਰਦੇਵ ਸਿੰਘ ਸਿੱਧੂ ਪਿਛਲੇ ਸਮੇਂ ਤੋਂ ਮਨੀਲਾ ਵਿਖੇ ਮਿਹਨਤ ਕਰਦਿਆਂ ਜੀਵਨ ਬਸ਼ਰ ਕਰ ਰਿਹਾ ਹੈ, ਉਹ ਵੀ ਮਾਂ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋ ਚੁੱਕਾ ਹੈ ਅਤੇ ਉਨ੍ਹਾਂ ਦਾ ਵਿਚਕਾਰਲਾ ਪੁੱਤਰ ਜਗਦੇਵ ਸਿੰਘ ਸਿੱਧੂ ਆਪਣੇ ਘਰ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਤਰੀਕੇ ਨਾਲ ਨਜਿੱਠ ਰਿਹਾ ਹੈ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਨਿਭਾਅ ਰਿਹਾ ਹੈ। ਇਸ ਤਰ੍ਹਾਂ ਮਾਤਾ ਸੁਖਦੇਵ ਕੌਰ ਦਾ ਪਰਿਵਾਰ ਸਮਾਜ ਅੰਦਰ ਮਿਹਨਤ ਕਰਦਿਆਂ ਅੱਗੇ ਵਧ ਰਿਹਾ ਹੈ। ਅੱਜ ਉਨ੍ਹਾਂ ਦਾ ਤੁਰ ਜਾਣਾ ਪਰਿਵਾਰ ਲਈ ਵੱਡਾ ਖ਼ਲਾਅ ਪੈਦਾ ਕਰਦਾ ਹੈ। ਇਸ ਮੌਕੇ ਸਰਪੰਚ ਗੁਰਸਾਹਿਬ ਸਿੰਘ ਸੈਬੀ ਅਤੇ ਗੁਰਸੇਵਕ ਸਿੰਘ ਸੋਨੂੰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਤਾ ਸੁਖਦੇਵ ਕੌਰ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ ਮਿਤੀ 3 ਮਈ 2026 ਦਿਨ ਐਤਵਾਰ ਨੂੰ 12 ਤੋਂ 1 ਵਜੇ ਵਿਚਕਾਰ ਗੁਰਦੁਆਰਾ ਸੁਖ ਸਾਗਰ ਸਾਹਿਬ ਪਿੰਡ ਮਾਹਲਾ ਖੁਰਦ ਵਿਖੇ ਹੋਵੇਗੀ।

for more news visit:
www.samajweekly.com

# ਹਲਕਾ ਵਿਧਾਇਕ ਡਾ.ਚਰਨਜੀਤ ਸਿੰਘ ਵਲੋਂ ਹੈਂਡਬਾਲ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ

**ਮੋਰਿੰਡਾ, 2 ਮਈ (ਸੁਖਵਿੰਦਰ ਸਿੰਘ ਹੈਪੀ)**–ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ ਵਲੋਂ ਅੱਜ ਨਵੇਂ ਬਣੇ ਹੈਂਡਬਾਲ ਖੇਡ ਸਟੇਡੀਅਮ ਦਾ ਉਦਘਾਟਨ ਕੀਤਾ। ਇਸ ਮੌਕੇ ਡਾ ਚਰਨਜੀਤ ਸਿੰਘ ਨੇ ਦੱਸਿਆ ਕਿ ਇਹ ਖੇਡ ਸਟੇਡੀਅਮ ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਵਲੋਂ ਦਿਤੀ 13 ਲੱਖ ਦੀ ਗ੍ਰਾਂਟ ਨਾਲ ਉਸਾਰਿਆ ਜਾ ਰਿਹਾ ਹੈ। ਇਸ ਸਮੇਂ ਬਚਿਆ ਦੇ ਖੇਡਣ ਲਈ ਖੇਡ ਮੈਦਾਨ ਤਿਆਰ ਹੋ ਚੁਕਿਆ ਹੈ। ਮੈਦਾਨ ਦੀ ਚਾਰ ਦਿਵਾਰੀ ਦਾ ਕੰਮ ਚੱਲ ਰਿਹਾ ਹੈ, ਬਚਿਆਂ ਦੇ ਉਠਣ ਬੈਠਣ, ਕਪੜੇ ਬਦਲਣ ਅਤੇ ਖੇਡਾਂ ਦਾ ਸਾਮਾਨ ਰੱਖਣ ਲਈ ਦੋ ਕਮਰੇ ਤਿਆਰ ਕੀਤੇ ਜਾ ਚੁੱਕੇ ਹਨ। ਲੜਕੇ ਤੇ ਲੜਕੀਆਂ ਲਈ ਵਖਰੇ ਵਖਰੇ ਪਾਖਾਨੇ ਬਣ ਚੁੱਕੇ ਹਨ। ਉਹਨਾਂ ਦੱਸਿਆ ਕਿ ਟੂਰਨਾਮੈਂਟ ਸਮੇਂ ਦਰਸ਼ਕਾਂ ਦੇ ਬੈਠਣ ਲਈ ਪੱਕੀਆਂ ਪੌੜੀਆਂ ਦਾ ਛੇਤੀ ਹੀ ਪ੍ਰਬੰਧ ਕੀਤਾ ਜਾ ਰਿਹਾ ਹੈ। ਉਹਨਾਂ ਦਸਮੇਸ਼ ਹੈਂਡ ਬਾਲ ਕਲੱਬ ਦੀ ਕਾਰਗੁਜ਼ਾਰੀ ਦੀ ਜ਼ੋਰਦਾਰ ਸ਼ਲਾਘਾ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਇਸ ਖੇਡ ਮੈਦਾਨ ਨੂੰ ਹੋਰ ਵਧੀਆ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਕਰਦੀ ਰਹੇਗੀ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੁਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫਲ ਬਣਾਉਣ ਲਈ ਬਚਿਆਂ ਨੂੰ ਖੇਡਾਂ ਵੱਲ ਪ੍ਰੇਰਨਾ ਅਤੇ ਉਹਨਾਂ ਨੂੰ ਖੇਡਣ ਲਈ ਮੈਦਾਨ ਅਤੇ ਸਮਾਨ ਦੇਣਾ ਜ਼ਰੂਰੀ ਸੀ। ਇਸ ਮੌਕੇ ਦਸਮੇਸ਼ ਹੈਂਡ ਬਾਲ ਕਲੱਬ ਦੇ ਪ੍ਰਧਾਨ ਜਗਦੇਵ ਸਿੰਘ ਭਟੋਆ ਪ੍ਰਧਾਨ ਨਗਰ ਕੌਂਸਲ ਮੋਰਿੰਡਾ ਨੇ ਦੱਸਿਆ ਹਲਕਾ ਵਿਧਾਇਕ ਡਾ ਚਰਨਜੀਤ ਦੇ ਸਹਿਯੋਗ ਨਾਲ ਨਗਰ ਕੌਂਸਲ ਦੀ ਇਸ ਜ਼ਮੀਨ ਵਿੱਚ ਖੇਡ ਸਟੇਡੀਅਮ ਉਸਾਰਿਆ ਗਿਆ ਹੈ। ਇਸ ਗਰਾਊਂਡ ਨੂੰ ਖੇਡਣ ਯੋਗ ਬਣਾਉਣ ਲਈ ਨਗਰ ਕੌਂਸਲ ਦੀ ਸਮੂਚੀ ਟੀਮ ਅਤੇ ਹਲਕਾ ਵਿਧਾਇਕ ਡਾਕਟਰ ਚਰਨਜੀਤ ਦਾ ਭਰਵਾਂ ਸਹਿਯੋਗ ਹੈ।



ਇਸ ਸਟੇਡੀਅਮ ਦੀ ਦੇਖਰੇਖ,ਸੰਭਾਲ ਦਾ ਜਿੰਮਾ ਦਸ਼ਮੇਸ਼ ਸਪੋਰਟਸ ਕਲੱਬ (ਰਜਿਸਟਰ) ਮੋਰਿੰਡਾ ਨੂੰ ਸੰਭਾਲ ਦਿੱਤਾ ਗਿਆ । ਇਸ ਮੌਕੇ ਕਲੱਬ ਦੇ ਮੀਤ ਪ੍ਰਧਾਨ ਕ੍ਰਿਸਨ ਸਿੰਘ ਰਾਣਾ ਅਤੇ ਕੋਚ ਪਵਨ ਕੁਮਾਰ ਨੇ ਦੱਸਿਆ ਕਿ ਦਸ਼ਮੇਸ਼ ਸਪੋਰਟਸ ਕਲੱਬ ਦੇ ਕੋਚਾਂ, ਜਸਵੰਤ ਸਿੰਘ ਨਿੱਕਾ, ਲਲਿਤ ਕੁਮਾਰ, ਸੁਨੀਲ ਮੰਗਾ, ਸੁਰਜੀਤ ਲਾਡੀ,ਦਵਿੰਦਰ ਘੋਗਾ, ਸੁਰਿੰਦਰ ਸਿੰਘ ਵਲੋਂ ਕੀਤੀ ਜਾ ਰਹੀ ਸਖ਼ਤ ਮਿਹਨਤ ਦਾ ਨਤੀਜਾ ਹੈ ਕਿ ਪੰਜਾਬ ਇੰਸਟੀਟਿਊਟ ਆਫ ਸਪੋਰਟਸ ਦਾ ਡੇ ਸਕਾਲਰ ਖੇਡ ਵਿੰਗ ਮੋਰਿੰਡੇ ਨੂੰ ਮਿਲਿਆ ਹੈ ਇਹ 30 ਦੇ ਸਾਲਾ ਦੇ ਇਤਿਹ-ਾਸ ਚ ਪਹਿਲੀ ਬਾਰ ਹੈ। ਇਸੇ ਕਲੱਬ ਦੇ 10 ਖਿਡਾਰੀ ਤੇ ਖਿਡਾਰਨਾ ਦੀ ਚੋਣ ਪੀ.ਆਈ.ਐਸ.ਮੋਹਾਲੀ ਵਿਖੇ ਰੇਗੂਲਰ ਸਪੋਰਟਸ ਵਿੰਗ ਚ ਹੋਈ। ਇਲਾਕੇ ਅਤੇ ਮੋਰਿੰਡੇ ਸ਼ਹਿਰ ਨਿਵਾਸੀਆਂ ਲਈ ਇਹ ਇੱਕ ਇੱਤਿਹਾਸਕ ਕਦਮ ਹੈ। ਇਸ ਵਿੰਗ ਚ ਮੋਰਿੰਡਾ ਦੇ ਅਤੇ ਪਿੰਡਾਂ ਦੇ ਤਕਰੀਬਨ 30 ਖਿਡਾਰੀਆਂ/ਖਿਡਾਰਣਾ ਦੀ ਚੋਣ ਕੀਤੀ ਗਈ ਹੈਕ ਇਨ੍ਹਾ ਖਿਡਾਰੀਆਂ ਨੂੰ ਸਵੇਰੇ ਸ਼ਾਮ ਪੰਜਾਬ ਸਰਕਾਰ ਵੱਲੋਂ ਡਾਇਟ ਦਿੱਤੀ ਜਾਇਆ ਕਰੇਗੀ। ਕਲੱਬ ਦੇ ਸਰਪ੍ਰਸਤ ਰੁਪਿੰਦਰ ਸਿੰਘ ਵਲੋਂ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਸ਼ਹਿਰੀ ਪ੍ਰਧਾਨ ਨਵਦੀਪ ਟੋਨੀ, ਜਗਤਾਰ ਸਿੰਘ ਘੜੂਆਂ, ਈ.ਓ. ਸ੍ਰੀ ਰਵੀ ਕੁਮਾਰ ਜਿੰਦਲ, ਹਰਚੰਦ ਸਿੰਘ ਕੈਸ਼ੀਅਰ,ਸਚਿਨ ਭਾਟੀਆ, ਸੋਹਣ ਸੋਨਾ, ਪਵਨ ਪੰਮੀ,ਪਵਨ ਕੁਮਾਰ ਪਵਨਾ, ਰੋਹਿਤ ਕੁਮਾਰ,ਦਲਜੀਤ ਸਿੰਘ,ਚੈਰੀ ਮੱਟੂ, ਲਖਬੀਰ ਲੱਕੀ ਲਸ਼ਮਣ ਦਾਸ ਮੱਟੂ, ਜਗਦੀਪ ਸੂਦ ਜੀ,ਸ਼ਹਿਰ ਨਿਵਾਸੀ ਕਲੱਬ ਮੈਂਬਰ ਆਦਿ ਪਤਵੰਤੇ ਸੱਜਣ ਹਾਜ਼ਰ ਸਨ । ਇਸ ਗਰਾਊਂਡ ਚ ਤਕਰੀਬਨ 70-80 ਬੱਚੇ ਰੋਜ਼ਾਨਾ ਪ੍ਰੈਕਟਿਸ ਕਰਨ ਲਈ ਆਉਂਦੇ ਹਨ । ਇਸ ਕਲੱਬ ਦੇ ਅਨੇਕਾਂ ਖਿਡਾਰੀ ਨੈਸ਼ਨਲ ਅਤੇ ਪੰਜਾਬ ਪੱਧਰ ਦੀਆਂ ਖੇਡਾਂ ਵਿਚ ਸੋਨੇ ਤੇ ਸਿਲਵਰ ਦੇ ਮੈਡਲ ਜਿੱਤ ਕੇ ਕਲੱਬ ਅਤੇ ਮੋਰਿੰਡਾ ਸ਼ਹਿਰ ਦਾ ਨਾਮ ਰੌਸ਼ਨ ਕਰ ਚੁੱਕੇ ਹਨ।

# ਜਰਖੜ ਖੇਡਾਂ - ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 9 ਮਈ ਤੋਂ, 16 ਟੀਮਾਂ ਨੇ ਖੇਡਣ ਦੀ ਕੀਤੀ ਪੁਸ਼ਟੀ, ਉਦਘਾਟਨੀ ਮੈਚ ਫਿਰੋਜ਼ਪੁਰ ਅਤੇ ਮੋਗਾ ਵਿਚਕਾਰ




**ਲੁਧਿਆਣਾ 2 ਮਈ (ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਜਰਖੜ ਖੇਡਾਂ ਦੇ ਕੜੀ ਦਾ ਹਿੱਸਾ 16ਵਾਂ ਜੇ ਐਸ ਟੀ ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਹੁਣ 9 ਮਈ ਤੋਂ 31 ਮਈ ਤੱਕ ਜਰਖੜ ਸਟੇਡੀਅਮ ਵਿਖੇ ਹੋਵੇਗਾ ।

ਇਸ ਫੈਸਟੀਵਲ ਦੇ ਹਾਕੀ ਮੁਕਾਬਲੇ ਹਫਤਾਵਰੀ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਮੈਦਾਨ ਉੱਤੇ ਖੇਡੇ ਜਾਣਗੇ । 9 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਹੋਵੇਗਾ ।

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਜਰਖੜ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿੱਚ 16 ਟੀਮਾਂ ਹਿੱਸਾ ਲੈਣਗੀਆਂ ਜਦਕਿ ਜੂਨੀਅਰ ਵਰਗ (1-1-2012 ਤੋਂ ਬਾਅਦ ਦੇ ਜਨਮੇ ਖਿਡਾਰੀ ) ਤੇ ਅਧਾਰ ਤੇ ਟੀਮਾਂ ਹਿੱਸਾ ਲੈਣਗੀਆਂ । ਇਹ ਟੂਰਨਾਮੈਂਟ ਲੀਗ ਕੰਮ ਨਾਕ ਆਉਟ ਪ੍ਰਣਾਲੀ ਦੇ ਅਧਾਰ ਤੇ ਖੇਡਿਆ ਜਾਵੇਗਾ। ਇਸ ਟੂਰਨਾਮੈਂਟ ਵਿੱਚ ਪੰਜਾਬ ਭਰ ਵਿੱਚ 16 ਟੀਮਾਂ ਨੇ ਖੇਡਣ ਦੀ ਪੁਸ਼ਟੀ ਕਰ ਦਿੱਤੀ ਹੈ ਇਹਨਾਂ ਟੀਮਾਂ ਵਿੱਚ ਸੀਨੀਅਰ ਅਤੇ ਜੂਨੀਅਰ ਗਰੁੱਪ ਵਿੱਚ 8 - 8 ਟੀਮਾਂ ਖੇਡਣਗੀਆਂ । ਸੀਨੀਅਰ ਗਰੁੱਪ ਪੂਲ ਏ ਵਿੱਚ ਗਿੱਲ ਕਲੱਬ ਘਵੱਦੀ, ਜਰਖੜ ਹਾਕੀ ਅਕੈਡਮੀ,

ਲੁਧਿਆਣਾ ਸਪੋਰਟਸ ਕਲੱਬ , ਯੰਗ ਕਲੱਬ ਉੱਟਾਲਾ ਸਮਰਾਲਾ ਅਤੇ ਪੂਲ ਬੀ ਵਿੱਚ ਨੀਟਾ ਕਲੱਬ ਰਾਮਪੁਰ, ਬਾਬਾ ਸ਼ੇਰ ਸ਼ਾਹ ਵਲੀ ਹਾਕੀ ਅਕੈਡਮੀ ਫਿਰੋਜ਼ਪੁਰ, ਸੰਤ ਬਾਬਾ ਗੁਲਾਬ ਸਿੰਘ ਹਾਕੀ ਕਲੱਬ ਘੋਲੀਆ ਖੁਰਦ ਮੋਗਾ, ਹਾਕੀ ਅਕੈਡਮੀ ਅਮਰਗੜ ਖੇਡਣਗੀਆਂ।

ਜੂਨੀਅਰ ਵਰਗ ਵਿੱਚ ਪੂਲ ਏ ਵਿੱਚ ਪਿੱਛਲੇ ਸਾਲ ਦੀ ਚੈਂਪੀਅਨ ਟੀਮ ਜਰਖੜ ਹਾਕੀ ਅਕੈਡਮੀ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ,ਐਚਟੀਸੀ ਸੈਂਟਰ ਰਾਮਪੁਰ, ਘਵੱਦੀ ਹਾਕੀ ਸੈਂਟਰ, ਜਦਕਿ ਪੂਲ ਬੀ ਵਿੱਚ ਪਿਛਲੇ ਸਾਲ ਦੀ ਉਪ ਜੇਤੂ ਕਿਲ੍ਹਾ ਰਾਇਪੁਰ ਹਾਕੀ ਸੈਂਟਰ,ਸੰਗਰੂਰ ਹਾਕੀ ਸੈਂਟਰ, ਏਕ ਨੂਰ ਅਕੈਡਮੀ ਤੇਹਿੰਗ ਫਿਲੌਰ, ਹਾਕੀ ਸੈਂਟਰ ਅਮਰਗੜ ਨੂੰ ਰੱਖਿਆ ਗਿਆ ਹੈ। 9 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਮੈਚ ਫਿਰੋਜ਼ਪੁਰ ਬਨਾਮ ਮੋਗਾ ਦੇ ਵਿਚਕਾਰ ਖੇਡਿਆ ਜਾਵੇਗਾ। ਦੂਜਾ ਮੈਚ ਨੀਟਾ ਕਲੱਬ ਰਾਮਪੁਰ ਅਤੇ ਅਮਰਗੜ੍ਹ ਦੇ ਵਿਚਕਾਰ ਖੇਡਿਆ ਜਾਵੇਗਾ। ਹਰ ਦਿਨ 4 ਮੈਚ ਹੋਇਆ ਕਰਨਗੇ।ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਦੁਪਿੰਦਰ ਸਿੰਘ ਡਿੰਪੀ ਨੇ ਦੱਸਿਆ ਕਿ ਸੀਨੀਅਰ ਵਰਗ ਦਕਿਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 25 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਤ ਕੀਤਾ ਜਾਵੇਗਾ । ਸੀਨੀਅਰ ਟੀਮਾਂ ਦੀ ਐਂਟਰੀ ਫੀਸ ਪ੍ਰਤੀ ਟੀਮ 3000, ਜੂਨੀਅਰ ਟੀਮ ਦੀ ਐਂਟਰੀ ਪ੍ਰਤੀ ਟੀਮ 1000 ਰੁਪਏ ਹੋਵੇਗੀ।ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰੰਨਿੰਗ ਟਰਾਫੀ ਅਤੇ 25000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 18 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 13 ਹਜ਼ਾਰ,ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਟੂਰਨਾਮੈਂਟ ਦਾ ਉਦਘਾਟਨ 9 ਮਈ ਨੂੰ ਹਲਕਾ ਵਿਧਾਇਕ ਜੀਵਨ ਸਿੰਘ ਸੰਗੋਵਾਲ ਸ਼ਾਮ 7 ਵਜੇ ਕਰਨਗੇ ।ਜਗਰੂਪ ਸਿੰਘ ਜਰਖੜ 98143-00722

# ਸੁਖਵਿੰਦਰ ਸਿੰਘ ਸਕੂਲ ਇੰਚਾਰਜ ਦੀ ਸੇਵਾ ਮੁਕਤੀ ਤੇ ਨਿੱਘੀ ਵਿਦਾਇਗੀ ਪਾਰਟੀ



**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਘੇਲਾ ਤੋਂ ਸ: ਸੁਖਵਿੰਦਰ ਸਿੰਘ ਸਕੂਲ ਇੰਚਾਰਜ ਸੇਵਾ ਮੁਕਤ ਹੋਏ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਘੇਲਾ ਤੋਂ ਸ: ਸੁਖਵਿੰਦਰ ਸਿੰਘ ਲੈਕਚਰਾਰ ਪੋਲੀਟੀਕਲ ਸਾਇੰਸ ਆਪਣੀ 29 ਸਾਲਾਂ ਦੀ ਸੇਵਾ ਕਰਨ ਉਪਰੰਤ ਅੱਜ ਮਿਤੀ 30 ਅਪ੍ਰੈਲ 2026 ਨੂੰ ਸੇਵਾ ਮੁਕਤ ਹੋਏ ਹਨ ਉਹਨਾਂ ਨੇ ਆਪਣੇ ਅਧਿਆਪਨ ਸਰਕਾਰੀ ਪ੍ਰਾਇਮਰੀ ਸਕੂਲ ਸਿੰਘਪੁਰ ਬੇਟ ਤੋਂ ਸ਼ੁਰੂ ਕੀਤਾ ਅਤੇ 2004 ਪਦਉਨਤ ਸਰਕਾਰੀ ਹਾਈ ਸਕੂਲ ਸਿੰਘਪੁਰ ਬੇਟ ਪੰਜਾਬੀ ਮਾਸਟਰ ਦੀ ਸੇਵਾ ਨਿਭਾਈ । ਬਦਲੀ ਹੋਣ ਉਪਰੰਤ ਸਾਲ 2005 ਤੋਂ ਪੰਜਾਬੀ ਮਾਸਟਰ ਤੋਂ ਹੋ ਕੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸੰਗੋਵਾਲ ਵਿਖੇ 15 ਸਾਲ ਸੇਵਾ ਨਿਭਾਈ । ਇਸ ਉਪਰੰਤ ਉਹਨਾਂ ਨੇ ਸਕੂਲ ਮੁਖੀ ਦੇ ਤੌਰ ਤੇ ਸਰਕਾਰੀ ਹਾਈ ਸਕੂਲ ਆਦਰਮਾਨ ਵਿਖੇ ਸਾਲ 2019 ਤੋਂ ਲੈ ਕੇ 30 ਸਤੰਬਰ 2025 ਤੱਕ ਸੇਵਾ ਨਿਭਾਈ। ਇਸ ਉਪਰੰਤ ਸਰਦਾਰ ਸੁਖਵਿੰਦਰ ਸਿੰਘ ਜੀ ਪਦਉਨਤ ਹੋ ਕੇ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ,ਬਘੇਲਾ ਵਿਖੇ ਲੈਕਚਰਾਰ ਪੋਲੀਟੀਕਲ ਸਾਇੰਸ ਸੇਵਾ ਨਿਭਾਈ ਗਈ। ਉਹਨਾਂ ਦੇ ਸਨਮਾਨ ਵਿੱਚ ਅੱਜ ਸਨਮਾਨ ਸਮਾਗਮ ਕੀਤਾ ਗਿਆ ।ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਸਕੂਲ ਮੁਖੀਆਂ, ਅਧਿਆਪਕਾਂ ਅਤੇ ਸਕੇ-ਸੰਬੰਧੀਆਂ ਨੇ ਸਮੂਲੀਅਤ ਕੀਤੀ । ਇਸ ਮੌਕੇ ਤੇ ਗੌਰਮੈਂਟ ਟੀਚਰ ਯੂਨੀਅਨ ਦੇ ਬਲਾਕ ਪ੍ਰਧਾਨ ਨੇ ਵਿਸ਼ੇਸ਼ ਤੌਰ ਤੇ ਸਰਦਾਰ ਸੁਖਵਿੰਦਰ ਸਿੰਘ ਹੋਰਾਂ ਨੂੰ ਸਨਮਾਨਿਤ ਕੀਤਾ ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗੋਵਾਲ ਸਮੂਹ ਸਟਾਫ ਨੇ ਸਮੂਲੀਅਤ ਕੀਤੀ ।ਸਰਦਾਰ ਮਨਪ੍ਰੀਤ ਸਿੰਘ ਪੰਜਾਬੀ ਮਾਸਟਰ ਅਤੇ ਸ਼੍ਰੀਮਤੀ ਸਤਿੰਦਰ ਕੌਰ ਲੈਕਚਰਾਰ ਵੋਕੇਸ਼ਨਲ ਸੈਕੰਡਰੀ ਸਕੂਲ ਸੰਗੋਵਾਲ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਇਸ ਮੌਕੇ ਤੇ ਵੱਖ ਵੱਖ ਬੁਲਾਰਿਆਂ ਨੇ ਸਰਦਾਰ ਸੁਖਵਿੰਦਰ ਸਿੰਘ ਜੀ ਦੇ ਜੀਵਨ ਅਤੇ ਸੇਵਾ ਸਮੇਂ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ । ਇਸ ਮੌਕੇ ਤੇ ਸਰਦਾਰ ਕੰਵਲਜੀਤ ਸਿੰਘ ਬਲਾਕ ਪ੍ਰਧਾਨ ਵਿਗਿਆਨਕ ਅਧਿਆਪਕ ਯੂਨੀਅਨ ਪੰਜਾਬ, ਰਕੇਸ਼ ਕੁਮਾਰ, ਦਲਵੀਰ ਸਿੰਘ, ਜਗਜੀਤ ਸਿੰਘ, ਮਨਪ੍ਰੀਤ ਰਾਮ,ਮਲਕੀਤ ਸਿੰਘ,ਗੁਰਵਿੰਦਰ ਸਿੰਘ,ਜਸਵੰਤ ਸਿੰਘ ਮੌਜੂਦ ਸਨ ।

# ਹਿਜ਼ ਐਕਸੀਲੈਂਟ ਦੇ ਵਿਦਿਆਰਥੀਆਂ ਦਾ ਯੂਥ ਕਲੱਬ ਫੁੱਟਬਾਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ 2 ਮਈ ( ਤਰਸੇਮ ਦੀਵਾਨਾ )** - ਹਿਜ਼ ਐਕਸੀਲੈਂਟ ਦੇ ਵਿਦਿਆਰਥੀਆਂ ਨੇ ਯੂਥ ਕਲੱਬ ਫੁੱਟਬਾਲ ਟੂਰਨਾਮੈਂਟ ਵਿੱਚ ਹਿੱਸਾ ਲਿਆ ਜੋ ਕਿ ਪਿੰਡ ਪੱਟੀ ਵਿਖੇ ਕਰਵਾਇਆ ਗਿਆ ਜਿਸ ਵਿੱਚ 32 ਟੀਮਾਂ ਨੇ ਹਿੱਸਾ ਲਿਆ। ਜਿਸ ਵਿੱਚ ਹਿਜ਼ ਐਕਸੀਲੈਂਟ ਦੇ ਵਿਦਿਆਰਥੀ ਰਨਰ ਅਪ ਟ੍ਰਾਫੀ ਨਾਲ ਜੇਤੂ ਰਹੇ।ਜਿਸ ਵਿੱਚ ਹਿਜ਼ ਦੇ ਵਿਦਿਆਰਥੀ ਕਰਨ ਸ਼ਰਮਾ, ਤਨਵੀਰ, ਹਰਮਨ, ਤੇਜਵੀਰ, ਜਸਮੀਤ ਸਿੰਘ, ਰਨਬੀਰ ਸਿੰਘ, ਸਮਰਦੀਪ, ਐਮਨ ਜਸਵਾਲ, ਅਗਮਜੋਤ ਸਿੰਘ, ਹਰਮ-ਨਜੋਤ, ਅਦਿਤਿਆ ਕੌਸ਼ਲ, ਇਸ਼ਮਾਨਜੋਤ, ਸ਼ਿਵੇਨ ਸ਼ਰਮਾ, ਨੈਤਿਕ, ਆਰਿਅਨ ਸ਼ਾਲਾ, ਸਚਿਨ, ਹਰਜੋਤ ਸਿੰਘ, ਸਾਹਿਲਪ੍ਰੀਤ ਸਿੰਘ, ਰਾਜਦੀਪ ਨੇ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਵਿੱਚ ਰਨਵੀਰ ਸਿੰਘ ਨੂੰ ਬੈਸਟ ਪਲੇਅਰ ਚੁਣਿਆ ਗਿਆ। ਇਹਨਾਂ ਸਾਰੀਆਂ



ਉਲੱਬਧੀਆਂ ਨੂੰ ਦੇਖਦੇ ਹੋਏ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਦੇ ਚੇਅਰਮੈਨ ਡਾ.ਆਸ਼ੀਸ਼ ਸਰੀਨ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਬੱਚਿਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ। ਇਸ ਮੌਕੇ ਨੇ ਬੱਚਿਆਂ ਨੇ ਐਮ.ਡੀ. ਸਰ ਦਾ ਵੀ ਧੰਨਵਾਦ ਕੀਤਾ ਜੋ ਕਿ ਉਹਨਾ ਨੇ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸਾਹਿਤ ਕੀਤਾ ਅਤੇ ਉਹਨਾਂ ਦਾ ਸਮਰੱਥਨ ਕੀਤਾ।

**ਫੋਟੋ ਅਜਮੇਰ ਦੀਵਾਨਾ**

# 23 ਕ੍ਰਿਕਟ ਹੁਸ਼ਿਆਰਪੁਰ ਟੀਮ ਨੇ ਫਤਿਹਗੜ੍ਹ ਸਾਹਿਬ ਟੀਮ ਨੂੰ 147 ਦੌੜਾਂ ਨਾਲ ਹਰਾ ਕੇ ਜਿੱਤ ਦਰਜ ਕੀਤੀ : ਡਾ. ਰਮਨ ਘਈ

## ਬੱਲੇਬਾਜ਼ੀ ਵਿੱਚ ਰਚਿਤ ਸੋਨੀ ਨੇ 175 ਦੌੜਾਂ ਅਤੇ ਗੇਂਦਬਾਜ਼ੀ ਵਿੱਚ ਕ੍ਰਿਸ਼ਨ ਵਾਲੀਆ ਨੇ ਲਏ 5 ਵਿਕਟ

ਹੁਸ਼ਿਆਰਪੁਰ 2 ਮਈ (ਤਰਸੇਮ ਦੀਵਾਨਾ) - ਪੰਜਾਬ ਕ੍ਰਿਕਟ ਐਸੋਸੀਏਸ਼ਨ ਦੁਆਰਾ ਆਯੋਜਿਤ ਅੰਤਰ ਜ਼ਿਲ੍ਹਾ ਅੰਡਰ-23 ਕ੍ਰਿਕਟ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਨੇ ਫਤਿਹਗੜ੍ਹ ਸਾਹਿਬ ਦੀ ਟੀਮ ਨੂੰ 147 ਦੌੜਾਂ ਨਾਲ ਹਰਾ ਕੇ ਸ਼ਾਨਦਾਰ ਵੱਡੀ ਜਿੱਤ ਦਰਜ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਚ.ਡੀ.ਸੀ.ਏ. ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦੀ ਟੀਮ ਨੇ 50-50 ਓਵਰਾਂ ਦੇ ਇੱਕ ਰੋਜ਼ਾ ਮੈਚ ਵਿੱਚ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 46.5 ਓਵਰਾਂ ਵਿੱਚ 10 ਵਿਕਟਾਂ ਦੇ ਨੁਕਸਾਨ 'ਤੇ 322 ਦੌੜਾਂ ਬਣਾਈਆਂ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਰਚਿਤ ਸੋਨੀ ਨੇ ਸ਼ਾਨਦਾਰ 175 ਦੌੜਾਂ ਦੀ ਪਾਰੀ ਖੇਡੀ, ਕ੍ਰਿਸ਼ਨ ਵਾਲੀਆ ਨੇ 29 ਦੌੜਾਂ, ਐਸ਼ਵੀਰ ਅਤੇ ਹਰਸ਼ ਚੌਹਾਨ ਨੇ 20-20 ਦੌੜਾਂ ਅਤੇ ਮਨਵੀਰ ਸਿੰਘ ਹੀਰ ਅਤੇ ਕਪਤਾਨ ਹਰਮਨਦੀਪ ਨੇ ਕ੍ਰਮਵਾਰ 19 ਅਤੇ 18 ਦੌੜਾਂ ਦੀ



ਪਾਰੀ ਖੇਡੀ। ਫਤਿਹਗੜ੍ਹ ਸਾਹਿਬ ਵੱਲੋਂ ਗੇਂਦਬਾਜ਼ੀ ਕਰਦਿਆਂ ਸਕ਼ਮ ਕਾਤਿਆਲ ਅਤੇ ਪਰਮੀਸ਼ ਕੁਮਾਰ ਨੇ 3-3 ਵਿਕਟਾਂ ਲਈਆਂ। 50 ਓਵਰਾਂ ਵਿੱਚ ਜਿੱਤ ਲਈ 323 ਦੌੜਾਂ ਦਾ ਟੀਚਾ ਲੈ ਕੇ ਬੱਲੇਬਾਜ਼ੀ ਕਰਨ ਮੈਦਾਨ ਵਿੱਚ ਉਤਰੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਟੀਮ ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ 30.2 ਓਵਰਾਂ ਵਿੱਚ ਕੇਵਲ 175 ਦੌੜਾਂ ਹੀ ਬਣਾ ਸਕੀ। ਜਿਸ ਵਿੱਚ ਪਰਮੀਸ਼ ਨੇ ਸਭ ਤੋਂ ਵੱਧ 78 ਦੌੜਾਂ ਅਤੇ ਸਕ਼ਮ ਕਾਤਿਆਲ ਨੇ 49 ਦੌੜਾਂ ਦਾ ਯੋਗਦਾਨ ਦਿੱਤਾ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦਿਆਂ ਨੌਜਵਾਨ ਤੇਜ਼ ਗੇਂਦਬਾਜ਼ ਕ੍ਰਿਸ਼ਨ ਵਾਲੀਆ ਨੇ 47 ਦੌੜਾਂ ਦੇ ਕੇ 5 ਵਿਕਟਾਂ, ਅਸ਼ੀਸ਼ਜੋਤ ਨੇ 34 ਦੌੜਾਂ ਦੇ ਕੇ 4 ਵਿਕਟਾਂ ਅਤੇ ਧਰੁਵ ਭੰਗਾਨੀਆ ਨੇ ਫਤਿਹਗੜ੍ਹ ਸਾਹਿਬ ਦੇ ਇੱਕ ਖਿਡਾਰੀ ਨੂੰ ਆਊਟ ਕੀਤਾ। ਹੁਸ਼ਿਆਰਪੁਰ ਦੀ ਇਸ ਜਿੱਤ 'ਤੇ ਐਚ.ਡੀ.ਸੀ.ਏ. ਪ੍ਰਧਾਨ ਡਾ. ਦਲਜੀਤ ਖੇਲਾ, ਡਾ. ਪੰਕਜ ਸ਼ਿਵ, ਵਿਵੇਕ ਸਾਹਨੀ, ਠਾਕੁਰ ਯੋਗਰਾਜ, ਜਤਿੰਦਰ ਸੂਦ ਆਦਿ ਨੇ ਸਮੂਹ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੱਤੀ। ਹੁਸ਼ਿਆਰਪੁਰ ਦੀ ਇਸ ਜਿੱਤ 'ਤੇ ਜ਼ਿਲ੍ਹਾ ਕੋਚ ਦਲਜੀਤ ਸਿੰਘ, ਸਹਾਇਕ ਕੋਚ ਪਰਵੀਨ ਕਪੂਰ, ਪੰਕਜ ਪਿੰਕਾ, ਦਿਨੇਸ਼ ਸ਼ਰਮਾ ਅਤੇ ਜ਼ਿਲ੍ਹਾ ਟ੍ਰੇਨਰ ਕੁਲਦੀਪ ਧਾਮੀ, ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਅਤੇ ਸਹਾਇਕ ਕੋਚ ਨਿਕਿਤਾ ਕੁਮਾਰੀ ਤੋਂ ਇਲਾਵਾ ਸੀਨੀਅਰ ਖਿਡਾਰੀ ਅਮਿਤ ਠਾਕੁਰ, ਨਰੇਸ਼ ਕਾਲੂ, ਤਾਰਾ ਚੰਦ, ਸਤਪ੍ਰੀਤ, ਦਲਜੀਤ ਧੀਮਾਨ, ਸੋਢੀ ਰਾਮ ਆਦਿ ਨੇ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ। **ਫੋਟੋ ਅਜਮੇਰ ਦੀਵਾਨਾ**

# ਜ਼ਿਲ੍ਹੇ ਵਿੱਚ ਮਿਤੀ 09 ਮਈ 2026 ਨੂੰ ਲੱਗੇਗੀ ਕੌਮੀ ਲੋਕ ਅਦਾਲਤ - ਜ਼ਿਲ੍ਹਾਂ ਅਤੇ ਸ਼ੈਸਨ ਜੱਜ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ

**ਨਵਾਂਸ਼ਹਿਰ 3ਮਈ (ਜਤਿੰਦਰ ਪਾਲ ਸਿੰਘ ਕਲੇਰ )** ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 09 ਮਈ 2026 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇ ਗਈ । ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ



ਜ਼ਿਲੇ ਵਿੱਚ 09.05.2026 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਉਨਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਪੈਨਸ਼ਨ ਕੇਸ ਸਮੇਤ ਸੇਵਾਵਾਂ ਦੇ ਕੇਸ, ਜਮੀਨ ਗ੍ਰਹਿਣ ਦੇ ਕੇਸ, ਰੈਵਿਨਿਊ ਦੇ ਕੇਸ, ਬੀ.ਐਸ.ਐਨ.ਐਲ ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਂਈਨਾਸ ਦੇ ਕੇਸ, ਧਾਰਾ 138 ਅਧੀਨ ਐਨ.ਆਈ ਐਕਟ ਕੇਸ, ਪੈਸੇ ਦੀ ਵਸੂਲੀ ਦੇ ਕੇਸ, ਬੈਂਕ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕਪਾਉਂਡੇਬਲ ਕੇਸ, ਚੈਂਕ ਬਾਉਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਉਨਲ ਨਾਲ ਸਬੰਧਿਤ ਕੇਸ, ਵਿਵਾਹਿਤ ਝਗੜੇ, ਟ੍ਰੈਫਿਕ ਚੇਲਾਨ, ਲੇਬਰ ਵਿਵਾਦ ਦੇ ਕੇਸ, ਜਨਤਕ ਉਪਯੋਗਤਾ ਸੇਵਾਵਾਂ ਨਾਲ ਸਬੰਧਤ ਵਿਵਾਦ ਜਿਵੇਂ ਕਿ ਬਿਜਲੀ ਅਤੇ ਪਾਣੀ ਦੇ ਬਿੱਲਾਂ ਦੇ ਕੇਸ ਅਤੇ ਹੋਰ ਰਾਜੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ । ਇਸ ਤੋਂ ਇਲਾਵਾ ਉਨਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਦੀ ਹੈ ਤਾਂ ਦਫਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਅਤੇ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਸਪੈਸ਼ਲ ਲੋਕ ਅਦਾਲਤ ਜੋ ਕਿ ਮਿਤੀ 18.07.2026 ਅਤੇ 21.11.2026 ਨੂੰ ਵਿਸ਼ੇਸ ਕਰਕੇ 138 ਐਨਆਈ ਐਕਟ ਦੇ ਕੇਸਾਂ ਦੇ ਸੰਬੰਧ ਵਿਚ ਲਗਾਈ ਜਾਣੀਆਂ ਹਨ ਅਤੇ ਦਫਤਰ ਦੇ ਨੰਬਰ 01823-223511 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਚੇਅਰਮੈਨ ਸਤਨਾਮ ਜਲਾਲਪੁਰ ਨੇ ਰਸੂਲਪੁਰ ਪਿੰਡ ਨੂੰ ਛੱਪੜ ਦੀ ਸਫਾਈ ਲਈ ਦਿੱਤੀ ਵਿਸ਼ੇਸ਼ ਗ੍ਰਾਂਟ

**ਬਲਾਚੌਰ 3 ਮਈ ( ਜਤਿੰਦਰ ਪਾਲ ਸਿੰਘ ਕਲੇਰ** ) ਹਲਕਾ ਨਵਾਂਸ਼ਹਿਰ ਦੇ ਪਿੰਡ ਰਸੂਲਪੁਰ ਵਿੱਚ ਅੱਜ ਖੁਸ਼ੀ ਦੀ ਲਹਿਰ ਦੌੜ ਗਈ ਜਦੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਨੇ ਪਿੰਡ ਦੇ ਛੱਪੜ ਦੀ ਨੁਹਾਰ ਬਦਲਣ ਲਈ 1.5 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਜਾਰੀ ਕੀਤੀ। ਪਿੰਡ ਵਾਸੀਆਂ ਵਿੱਚ ਇਸ ਗੱਲ ਦੀ ਭਾਰੀ ਚਰਚਾ ਹੈ ਕਿ ਅੱਜ ਤੱਕ ਕਿਸੇ ਵੀ ਪਿਛਲੀ ਸਰਕਾਰ ਨੇ ਪਿੰਡਾਂ ਦੇ ਛੱਪੜਾਂ ਦੀ ਸਾਰ ਨਹੀਂ ਲਈ ਸੀ। ਗੰਦਗੀ ਦੇ ਢੇਰ ਬਣ ਚੁੱਕੇ ਇਹ ਛੱਪੜ ਬਿਮਾਰੀਆਂ ਦਾ ਘਰ ਸਾਬਤ ਹੋ ਰਹੇ ਸਨ। ਪਰ ਚੇਅਰਮੈਨ ਜਲਾਲਪੁਰ ਦੇ ਇਸ ਕਦਮ ਨੇ ਸਾਬਤ ਕਰ ਦਿੱਤਾ ਹੈ ਕਿ ਮੌਜੂਦਾ ਸਰਕਾਰ ਪਿੰਡਾਂ ਦੇ ਰੱਖ-ਰਖਾਅ ਪ੍ਰਤੀ ਕਿੰਨੀ ਗੰਭੀਰ ਹੈ। ਇਸ ਮੌਕੇ ਬੋਲਦਿਆਂ ਆਗੂਆਂ ਨੇ ਕਿਹਾ ਕਿ ਸਿਹਤਮੰਦ ਪਿੰਡ ਛੱਪੜ ਦੀ ਸਫਾਈ ਨਾਲ ਪਿੰਡ ਵਿੱਚ ਫੈਲਣ ਵਾਲੀਆਂ ਭਿਆਨਕ ਬਿਮਾਰੀਆਂ ਤੋਂ ਨਿਜਾਤ ਮਿਲੇਗੀ। ਪਿੰਡ ਦੀਆਂ ਨਾਲੀਆਂ ਦਾ ਪਾਣੀ ਜੋ ਛੱਪੜ ਵਿੱਚ ਜਮ੍ਹਾ ਹੁੰਦਾ ਹੈ, ਉਸ ਨੂੰ ਸਾਫ਼ ਕਰਕੇ ਹੁਣ ਖੇਤੀਬਾੜੀ ਦੇ ਕੰਮਾਂ ਲਈ ਵਰਤਿਆ ਜਾ ਸਕੇਗਾ। ਛੱਪੜ ਸਾਫ਼ ਹੋਣ ਨਾਲ ਪਿੰਡ ਦਾ ਵਾਤਾਵਰਣ ਖੁਸ਼ਗਵਾਰ ਹੋਵੇਗਾ। ਦਿੱਗਜ ਆਗੂਆਂ ਦੀ ਮੌਜੂਦਗੀਇਸ ਮੌਕੇ ਗਗਨ ਅਗਨੀਹੋਤਰੀ



ਚੇਅਰਮੈਨ ਮਾਰਕੀਟ ਕਮੇਟੀ ਨਵਾਂਸ਼ਹਿਰ ਅਤੇ ਦਲਜੀਤ ਸਿੰਘ ਖਟਕੜ ਜ਼ਿਲ੍ਹਾ ਇੰਚਾਰਜ ਕਿਸਾਨ ਵਿੰਗ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਪਿੰਡ ਦੇ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ। ਪਿੰਡ ਦੀ ਪੰਚਾਇਤ ਅਤੇ ਮੋਹਤਬਰਾਂ ਨੇ ਚੇਅਰਮੈਨ ਦਾ ਧੰਨਵਾਦ ਕਰਦਿਆਂ ਇਸ ਨੂੰ ਇਤਿਹਾਸਕ ਫੈਸਲਾ ਦੱਸਿਆ। ਇਸ ਮੌਕੇ ਸਰਪੰਚ ਦਲਜੀਤ ਸਿੰਘ, ਪੰਚ ਮਹਿੰਦਰ ਸਿੰਘ, ਪੰਚ ਜੰਕਰਾਜ, ਪੰਚ ਹਰਵਿੰਦਰ ਕੌਰ ਸਮੇਤ ਜਸਪਾਲ ਸਿੰਘ, ਰਾਜ ਕੁਮਾਰ, ਗਿਆਨ ਸਿੰਘ ਅਤੇ ਬਲਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। "ਜਿੱਥੇ ਪਹਿਲੀਆਂ ਸਰਕਾਰਾਂ ਨੇ ਛੱਪੜਾਂ ਨੂੰ ਅੱਖੋਂ-ਪਰੋਖੇ ਕੀਤਾ, ਉੱਥੇ ਹੀ ਸਤਨਾਮ ਜਲਾਲਪੁਰ ਦੀ ਇਸ ਪਹਿਲਕਦਮੀ ਨੇ ਪਿੰਡ ਰਸੂਲਪੁਰ ਦੀ ਤਸਵੀਰ ਬਦਲਣ ਦੀ ਨੀਂਹ ਰੱਖ ਦਿੱਤੀ ਹੈ।"

# ਬਸਪਾ ਵਿਧਾਇਕ ਵੱਲੋਂ ਮਜ਼ਦੂਰਾਂ ਦੀ ਆਵਾਜ਼ ਬੁਲੰਦ ਕਰਨ ਸ਼ਲਾਘਾਯੋਗ ਗੋਲਡੀ ਪਰਖਾਲੀ ਗੁਰਮੁੱਖ ਸਿੰਘ ਢੋਲਣ ਮਾਜਰਾ

**ਰੋਪੜ( ਚਰਨਜੀਤ ਸੱਲ੍ਹਾ )**ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ. ਨੱਛਤਰ ਪਾਲ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਮਜ਼ਦੂਰਾਂ ਦੇ ਹੱਕਾਂ ਲਈ ਜ਼ੋਰਦਾਰ ਆਵਾਜ਼ ਉਠਾਉਣਾ ਕਾਬਿਲ-ਏ-ਤਾਰੀਫ਼ ਕਦਮ ਹੈ। ਇਸ ਗੱਲ ਦਾ ਪ੍ਰਗਟਾਵਾ ਗੋਲਡੀ ਪੁਰਖਾਲੀ ਅਤੇ ਗੁਰਮੁੱਖ ਸਿੰਘ ਢੋਲਣ ਮਾਜਰਾ ਵੱਲੋਂ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਮਜ਼ਦੂਰ ਵਰਗ ਲੰਮੇ ਸਮੇਂ ਤੋਂ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ, ਪਰ ਸਰਕਾਰਾਂ ਵੱਲੋਂ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਅਜਿਹੇ ਵਿੱਚ ਡਾ. ਨੱਛਤਰ ਪਾਲ ਵੱਲੋਂ ਵਿਧਾਨ ਸਭਾ ਵਿੱਚ ਮਜ਼ਦੂਰਾਂ ਦੇ ਮੁੱਦੇ ਉਠਾਉਣਾ ਇਕ ਸਰਾਹਣਯੋਗ ਅਤੇ ਲੋੜੀਂਦਾ ਕਦਮ ਹੈ। ਉਹਨਾਂ ਅੱਗੇ ਕਿਹਾ ਕਿ ਮਜ਼ਦੂਰਾਂ ਨੂੰ ਬਣਦਾ ਹੱਕ, ਜਿਵੇਂ ਕਿ ਠੀਕ ਮਜ਼ਦੂਰੀ, ਸਮਾਜਿਕ ਸੁਰੱਖਿਆ ਅਤੇ ਕਾਨੂੰਨੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਕਰੇ ਅਤੇ ਉਨ੍ਹਾਂ ਦੀ ਭਲਾਈ ਲਈ ਢੁਕਵੇਂ ਕਦਮ ਚੁੱਕੇ। ਅਖੀਰ ਵਿੱਚ, ਗੋਲਡੀ ਪੁਰਖਾਲੀ ਅਤੇ ਗੁਰਮੁੱਖ ਸਿੰਘ ਢੋਲਣ ਮਾਜਰਾ ਨੇ ਕਿਹਾ ਕਿ ਜਿਹੜੇ ਵੀ ਲੋਕ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਹਨ, ਉਹ ਸਮਾਜ ਲਈ ਪ੍ਰੇਰਣਾ ਸ੍ਰੋਤ ਹਨ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਹੋਣੀ ਚਾਹੀਦੀ ਹੈ।



# ਪ੍ਰੈੱਸ ਦੀ ਆਜ਼ਾਦੀ ਬਿਨਾਂ ਲੋਕਤੰਤਰ ਅਧੂਰਾ – ਸੰਜੈ ਰਾਠੀ

## ਭਾਰਤ ਵਿੱਚ ਪੱਤਰਕਾਰਾਂ ਲਈ ਮਾਹੌਲ ਹੋ ਰਿਹਾ ਮੁਸ਼ਕਲ, ਪ੍ਰੈੱਸ ਆਜ਼ਾਦੀ 'ਤੇ ਉੱਠੇ ਸਵਾਲ

**ਚੰਡੀਗੜ੍ਹ 2 ਮਈ, ਗੁਰਭਿੰਦਰ ਗੁਰੀ** ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਅਭਿਵਿਅਕਤੀ ਦੀ ਆਜ਼ਾਦੀ ਅਤੇ ਪੱਤਰਕਾਰਾਂ ਦੀ ਸੁਰੱਖਿਆ 'ਤੇ ਚਿੰਤਾ ਪ੍ਰਗਟ

ਵਿਸ਼ਵ ਪੱਧਰ 'ਤੇ ਮਨਾਏ ਜਾਂਦੇ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਮੀਡੀਆ ਕੌਂਸਲ ਆਫ ਜਰਨਲਿ-ਸਟਸ ਦੇ ਰਾਸ਼ਟਰੀ ਪ੍ਰਧਾਨਸੰਜੈ ਰਾਠੀ ਨੇ ਕਿਹਾ ਕਿ "ਅਭਿਵਿਅਕਤੀ ਦੀ ਆਜ਼ਾਦੀ ਲੋਕਤੰਤਰ ਦੀ ਆਤਮਾ ਹੈ ਅਤੇ ਇਸ ਤੋਂ ਬਿਨਾਂ ਲੋਕਤੰਤਰ ਦੀ ਕਲਪਨਾ ਅਧੂਰੀ ਹੈ।" ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪ੍ਰੈੱਸ ਦੀ ਆਜ਼ਾਦੀ ਕਈ ਚੁਣੌਤੀਆਂ ਨਾਲ ਘਿਰੀ ਹੋਈ ਹੈ, ਜੋ ਲੋਕਤੰਤਰਿਕ ਮੁੱਲਾਂ ਲਈ ਗੰਭੀਰ ਖਤਰਾ ਬਣ ਰਹੀਆਂ ਹਨ।

ਸੰਜੈ ਰਾਠੀ ਨੇ ਕਿਹਾ ਕਿ ਰਿਪੋਰਟਰਜ਼ ਵਿਦਆਉਟ ਬਾਰ-ਡਰਜ਼ ਵੱਲੋਂ ਜਾਰੀ ਵਿਸ਼ਵ ਪ੍ਰੈੱਸ ਆਜ਼ਾਦੀ ਸੂਚਕਾਂਕ 2026 ਵਿੱਚ ਭਾਰਤ ਦਾ 157ਵਾਂ ਸਥਾਨ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਦੇਸ਼ ਵਿੱਚ ਪੱਤਰਕਾਰਾਂ ਲਈ ਕੰਮ ਕਰਨ ਦਾ ਮਾਹੌਲ ਲਗਾਤਾਰ ਮੁਸ਼ਕਲ ਹੁੰਦਾ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਇਹ ਸਥਿਤੀ ਨਾ ਸਿਰਫ਼ ਮੀਡੀਆ ਜਗਤ, ਸਗੋਂ ਪੂਰੇ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਪੱਤਰਕਾਰਾਂ 'ਤੇ ਵੱਧ ਰਹੇ ਹਮਲਿਆਂ ਅਤੇ ਹੱਤਿਆਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਯੂਨੇਸਕੋ ਦੇ ਅਨੁਸਾਰ ਸਾਲ 2024 ਵਿੱਚ ਘੱਟੋ-ਘੱਟ 68 ਪੱਤਰਕਾਰਾਂ ਦੀ ਹੱਤਿਆ ਹੋਈ, ਜਦਕਿ ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਮੁਤਾਬਕ ਸਾਲ 2025 ਵਿੱਚ 129 ਪੱਤਰਕਾਰਾਂ ਦੀਆਂ ਹੱਤਿਆਵਾਂ ਦਰਜ ਕੀਤੀਆਂ ਗਈਆਂ, ਜੋ ਬਹੁਤ ਹੀ ਚਿੰਤਾਜਨਕ ਰੁਝਾਨ ਨੂੰ ਦਰਸਾਉਂਦੀਆਂ ਹਨ। ਇਸ ਤੋਂ ਇਲਾਵਾ ਜ਼ਿਆਦਾਤਰ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ "ਦੰਡਮੁਕਤੀ" ਦੀ ਗੰਭੀਰ ਸਮੱਸਿਆ ਨੂੰ ਉਜਾ-ਗਰ ਕਰਦਾ ਹੈ।

ਸੰਜੈ ਰਾਠੀ ਨੇ ਕਿਹਾ ਕਿ ਭਾਰਤ ਵਿੱਚ ਵੀ ਪੱਤਰਕਾਰਾਂ ਨੂੰ ਧਮਕੀਆਂ, ਹਮਲਿਆਂ ਅਤੇ ਝੂਠੇ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖ਼ਾਸ ਕਰਕੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਪੱਤਰਕਾਰ ਵੱਧ ਅਸੁਰੱਖਿਅਤ ਹਨ। ਜਦੋਂ ਸੱਚ ਸਾਹਮਣੇ ਲਿਆਉਣ ਦੀ ਕੀਮਤ ਜਾਨ ਦੇ ਕੇ ਚੁਕਾਉਣੀ ਪਵੇ, ਤਾਂ ਇਹ ਲੋਕਤੰਤਰ ਲਈ ਇੱਕ ਗੰਭੀਰ ਚੇਤਾਵਨੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪ੍ਰਭਾਵਸ਼ਾਲੀ ਕਾਨੂੰਨ ਬਣਾਏ ਜਾਣ ਅਤੇ ਹਮਲਿਆਂ ਤੇ ਹੱਤਿਆਵਾਂ ਦੇ ਮਾਮਲਿਆਂ ਵਿੱਚ ਤੁਰੰਤ ਅਤੇ ਨਿਰਪੱਖ ਕਾਰਵਾਈ ਯਕੀਨੀ ਬਣਾਈ ਜਾਵੇ। ਨਾਲ ਹੀ ਉਨ੍ਹਾਂ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਉਹ ਨਿਰਪੱਖ, ਤੱਥਪੂਰਨ ਅਤੇ ਲੋਕਹਿਤਕਾਰੀ ਪੱਤਰਕਾਰਤਾ ਨੂੰ ਸਭ ਤੋਂ ਵੱਧ ਤਰਜੀਹ ਦੇਵੇ। ਅੰਤ ਵਿੱਚ ਸੰਜਯ ਰਾਠੀ ਨੇ ਕਿਹਾ ਕਿ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਸਿਰਫ਼ ਇੱਕ ਰਸਮੀ ਮੌਕਾ ਨਹੀਂ, ਸਗੋਂ ਇਹ ਸੰਕਲਪ ਲੈਣ ਦਾ ਦਿਨ ਹੈ ਕਿ ਅਸੀਂ ਪ੍ਰੈੱਸ ਦੀ ਆਜ਼ਾਦੀ ਦੀ ਰੱਖਿਆ ਕਰਾਂਗੇ ਅਤੇ ਇੱਕ ਸੁਰੱਖਿਅਤ, ਸੁਤੰਤਰ ਅਤੇ ਜ਼ਿੰਮੇਵਾਰ ਮੀਡੀਆ ਮਾਹੌਲ ਦਾ ਨਿਰਮਾਣ ਕਰਾਂਗੇ।

# ਨੀਟ ਪ੍ਰੀਖਿਆ: ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 5 ਜਾਂ ਜ਼ਿਆਦਾ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ

## ਜਿਲਾ ਮੈਜਿਸਟ੍ਰੇਟ ਵੱਲੋਂ ਪਾਬੰਦੀ ਦੇ ਹੁਕਮ ਜਾਰੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਦੱਸਿਆ ਕਿ 3 ਮਈ (ਐਤਵਾਰ) ਨੂੰ ਨੀਟ ਦੀ ਪ੍ਰੀਖਿਆ ਲਈ ਜ਼ਿਲੇ ਵਿੱਚ ਵੱਖ-ਵੱਖ ਬਣੇ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਅੰਦਰ 5 ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ 'ਤੇ ਪਾਬੰਦੀ ਰਹੇਗੀ। ਜ਼ਿਲਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹ ਪ੍ਰੀਖਿਆ ਕੇਂਦਰ ਆਰਮੀ ਪਬਲਿਕ ਸਕੂਲ ਉੱਚੀ ਬੱਸੀ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਰੇਲਵੇ ਮੰਡੀ ਹੁਸ਼ਿਆਰਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਗਪੁਰ ਸਤੌਰ, ਪੀ.ਐਮ. ਸ਼੍ਰੀ



ਕੇਂਦਰੀਆ ਵਿਦਿਆਲਿਆ ਗੱਜ ਭੂੰਗਾ ਵਿਖੇ ਹੋਵੇਗੀ। ਉਨ੍ਹਾਂ ਆਪਣੇ ਜਾਰੀ ਕੀਤੇ ਹੁਕਮਾਂ ਵਿਚ ਇਨ੍ਹਾਂ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਅੰਦਰ 5 ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇੱਕਠੇ ਹੋਣ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਦੱਸਿਆ ਕਿ ਪ੍ਰੀਖਿਆਰਥੀਆਂ ਦੇ ਰਿਸ਼ਤੇਦਾਰ ਅਤੇ ਹੋਰ ਵਿਅਕਤੀ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਇੱਕਠੇ ਹੋ ਜਾਂਦੇ ਹਨ, ਜਿਸ ਕਾਰਨ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ ਅਤੇ ਪ੍ਰੀਖਿਆਵਾਂ ਦੀ ਗਰਿਮਾ ਨੂੰ ਢਾਹ ਲੱਗਦੀ ਹੈ। ਅਜਿਹੇ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪ੍ਰੀਖਿਆਵਾਂ ਨੂੰ ਸ਼ਾਂਤਮਈ ਅਤੇ ਸੁਚੱਜੇ ਢੰਗ ਨਾਲ ਨਿਪਟਾਉਣ ਲਈ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਘੇਰੇ ਅੰਦਰ ਬੀ.ਐਨ.ਐਸ.ਐਸ. ਦੀ ਧਾਰਾ 163 ਲਗਾਈ ਜਾਵੇ। ਇਹ ਹੁਕਮ ਮਿਤੀ 3 ਮਈ 2026 ਲਈ ਲਾਗੂ ਹੋਵੇਗਾ।

# ਪੰਜਾਬੀ ਸੱਭਿਆਚਾਰ ਦਾ ਪ੍ਰਸਿੱਧ ਕਲਾਕਾਰ ਦਰਸ਼ਨ ਸਿੰਘ ( ਪੰਮਾ ਡੂੰਮੇਵਾਲ) ਨੂੰ

## ਜਨਮ ਦਿਨ ਦੀਆਂ ਵਧਾਈਆਂ ਡੂੰਮੇਵਾਲ ਦੇ ਫੈਨਾਂ ਨੇ ਸਵੇਰ ਤੋਂ ਹੀ ਫੋਨ ਕਾਲ ਕਰਕੇ ਦਿੱਤੀਆ ਵਧਾਈਆਂ

**ਨਵਾਂਸ਼ਹਿਰ /ਕਾਠਗੜ੍ਹ 2 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੇ ਪ੍ਰਸਿੱਧ ਸੱਭਿਆਚਾਰਕ ਕਲਾਕਾਰ ਦਰਸ਼ਨ ਸਿੰਘ (ਪੰਮਾ ਡੂੰਮੇਵਾਲ) ਨੇ ਜਿੱਥੇ ਆਪਣੀ ਗਾਇਕੀ ਨਾਲ ਲੋਕਾਂ ਦੇ ਮਨਾਂ ਵਿੱਚ ਅਲੱਗ ਜਗ੍ਹਾ ਬਣਾਈ ਹੈ ਉਥੇ ਹੀ ਪੰਜਾਬ ਮਾਂ ਬੋਲੀ ਨੂੰ ਸੁਰਜੀਤ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਙ ਉਨ੍ਹਾਂ ਵਲੋਂ ਗਾਏ ਹਰ ਇੱਕ ਗੀਤ ਵਿੱਚ ਉਨਾਂ ਦਾ ਪੰਜਾਬੀ ਮਾਂ ਬੋਲੀ ਨਾਲ ਡੂੰਘਾ ਪਿਆਰ ਝਲਕਦਾ ਹੈ ਙ ਅੱਜ ਉਨ੍ਹਾਂ ਦੇ ਜਨਮ ਦਿਨ ਮੌਕੇ ਉਨਾ ਦੇ ਚਾਹੁੰਣ ਵਾਲਿਆਂ ਵਲੋਂ ਸਵੇਰ ਤੋਂ ਹੀ ਫੋਨ ਕਾਲ ਕਰਕੇ ਉਹਨਾਂ ਨੇ ਵਧਾਈਆਂ ਦਿੱਤੀਆਂ ਅਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ



ਤੰਦਰੁਸਤੀ ਅਤੇ ਅੱਗੇ ਤੋ ਹੋਰ ਵੀ ਵਿਲੱਖਣ ਢੰਗ ਨਾਲ ਕੁਰ-ਾਹੇ ਜਾ ਰਹੇ ਨੌਜਵਾਨਾਂ ਨੂੰ ਸੇਧ ਦੇਣ ਵਾਲੇ ਲੋਕ ਗੀਤ ਗਾਉਣ ਦੇ ਲਈ ਕਿਹਾ ਙ ਤਾਂ ਕਿ ਸਾਡੇ ਗੰਦਲੇ ਹੁੰਦੇ ਜਾ ਰਹੇ ਸੱਭਿਆਚਾਰ ਨੂੰ ਮੁੜ ਤੋਂ ਸੁਰਜੀਤ ਰੱਖਿਆ ਜਾ ਸਕੇ ਙ ਪੰਮਾ ਡੂੰਮੇਵਾਲ ਨੇ ਆਪਣੀ ਗਾਇਕੀ ਨਾਲ ਪੂਰੇ ਵਰਲਡ ਵਿੱਚ ਧੂਮਾ ਪਵਾ ਕੇ ਪੰਜਾਬੀਆਂ ਦਾ ਨਾਮ ਉੱਚਾ ਕੀਤਾ ਹੈ ਅਤੇ ਉਨਾਂ ਨੇ ਕਿਹਾ ਕਿ ਅੱਗੇ ਤੋਂ ਵੀ ਆਪਣੇ ਸਰੋਤਿਆਂ ਅਤੇ ਉਨ੍ਹਾਂ ਨੂੰ ਚਾਹੁੰਣ ਵਾਲਿਆਂ ਲਈ ਵਿਲੱਖਣ ਵਨਗਿਆ ਪੇਸ਼ ਕਰਦੇ ਰਹਿਣ ਗੇ ਅਤੇ ਪੰਜਾਬੀ ਮਾਂ ਬੋਲੀ ਨੂੰ ਹੋਰ ਬੁਲੰਦੀਆਂ ਤੇ ਪਹੁੰਚਾਉਣ ਲਈ ਦਿਨ ਰਾਤ ਇੱਕ ਕਰ ਦੇਣਗੇ।

## ਜ਼ਿੰਦਗੀ ਦੀ ਸ਼ਾਮ

ਛੱਤੇ ਰਹਿ 'ਗੇ ਤੇਰੇ ਮਹਿਲ ਮੁਨਾਰੇ ,
ਨਾ ਚੰਗੀ ਤਰ੍ਹਾਂ ਰਹਿਣਾ ਮਿਲਿਆ ।
ਪੈ 'ਗੇ ਦੁਨੀਆਂ ਤੋਂ ਕਰਨੇ ਕਿਨਾਰੇ ,
ਨਾ ਚੰਗੀ ਤਰ੍ਹਾਂ ਰਹਿਣਾ ਮਿਲਿਆ ।
ਕੰਮਾਂ ਧੰਦਿਆਂ 'ਚ ਸਿਹਤ ਗੁਆ ਲਈ ਤੂੰ ।
ਮਾਣ ਸਕਿਆ ਨਾ ਜ਼ਿੰਦਗੀ ਬਿਤਾ ਲਈ ਤੂੰ ।
ਲੁੱਟੇ ਗਏ ਨਾ ਜਵਾਨੀ ਦੇ ਨਜ਼ਾਰੇ ,
ਨਾ ਚੰਗੀ ਤਰ੍ਹਾਂ ਰਹਿਣਾ ਮਿਲਿਆ।
ਤੂੰ ਖਾਣ ਪੀਣ ਦੇ ਦਸੌਂਟੇ ਰਿਹਾ ਕੱਟਦਾ ।
ਦੁੱਧ ਘਿਓ ਵੀ ਰਿਹਾ ਸੀ ਵੇਚ ਵੱਟਦਾ ।
ਛੱਡ ਚੱਲਿਆਂ ਏਂ ਭਰੇ ਹੋਏ ਭੰਡਾਰੇ ,
ਨਾ ਚੰਗੀ ਤਰ੍ਹਾਂ ਰਹਿਣਾ ਮਿਲਿਆ ।
ਯਾਦ ਨਹੀਂ ਸੀ ਦਿਹਾੜਾ ਤੈਨੂੰ ਅੱਜ ਦਾ ।
ਤੂੰ ਰਿਹਾ ਪੈਸਿਆਂ ਦੀ ਦੌੜ ਵਿੱਚ ਭੱਜਦਾ ।
ਗੁੱਸੇ ਕੀਤੇ ਸੀ ਕਈ ਸੱਜਣ ਪਿਆਰੇ ,
ਨਾ ਚੰਗੀ ਤਰ੍ਹਾਂ ਰਹਿਣਾ ਮਿਲਿਆ ।
ਪਿੰਡ ਰੰਚਣਾਂ 'ਤੇ ਝੰਡੀ ਸੀ ਤੂੰ ਫੇਰਨੀ ।
ਨਾਲੇ ਜੱਗ 'ਚ ਸੀ ਰੌਸ਼ਨੀ ਵਿਖੇਰਨੀ ।
ਪੈ ਗਏ ਜ਼ਿੰਦਗੀ 'ਚ ਹੋਰ ਹੀ ਖਿਲਾਰੇ ,
ਨਾ ਚੰਗੀ ਤਰ੍ਹਾਂ ਰਹਿਣਾ ਮਿਲਿਆ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

## ਸ਼ੌਕ


ਆਪਣੇ ਰੁਖ਼ਸਾਰ ਨੂੰ ਦਿਖਾਉਂਦੇ ਰਹਿਣਾ,
ਸ਼ੌਕ ਮੇਰਾ ਹੈ ਮੁਸਕਰਾਉਂਦੇ ਰਹਿਣਾ।
ਰਾਹ-ਏ-ਉਲਫ਼ਤ ਤਵੀਲ (ਲੰਬੀ) ਹੈ ਲੇਕਿਨ,
ਆਪ ਨਜ਼ਰਾਂ ਨਾਲ ਹੀ ਦੱਸਦੇ ਰਹਿਣਾ।
ਘਰ ਸਜਾ ਦਿਆਂਗੇ ਉਨ੍ਹਾਂ ਹੀ ਚੀਜ਼ਾਂ ਨਾਲ,
ਹਸਰਤਾਂ ਆਪਣੀਆਂ ਦੱਸਦੇ ਰਹਿਣਾ।
ਜੇ ਇਜਾਜ਼ਤ ਮਿਲੇ ਨਾ ਮਿਲਣ ਦੀ,
ਆਪ ਬਸ ਖ਼ਾਬਾਂ ਵਿੱਚ ਆਉਂਦੇ ਰਹਿਣਾ।
ਗ਼ਮ ਕੋਈ ਕੋਲ ਨਹੀਂ ਆਵੇਗਾ,
ਹੱਥ ਮਹਿੰਦੀ ਨਾਲ ਤੁਸੀਂ ਸਜਾਉਂਦੇ ਰਹਿਣਾ।
ਤੁਹਾਨੂੰ ਨੀਂਦ ਜੇਕਰ ਨਾ ਆਵੇ,
ਗੀਤ ਉਲਫ਼ਤ ਦਾ ਕੋਈ ਗਾਉਂਦੇ ਰਹਿਣਾ।
ਹੈ ਮੁਹੱਬਤ ਖ਼ੁਦਾ ਦਾ ਦੂਜਾ ਨਾਮ,
ਇਸ ਨੂੰ ਸ਼ਿੱਦਤ ਨਾਲ "ਕਮਲ" ਨਿਭਾਉਂਦੇ ਰਹਿਣਾ।



ਕਮਲ ਭਾਸਕਰ

## ਕਾਨੂੰਨੀ ਬਾਈ ਦੀ ਜਿੱਤ - ਮਾਂ-ਬੋਲੀ ਦਾ ਮਾਣ

ਮਿੱਤਰ ਸੈਨ ਮੀਤ ਸਾਡਾ,
ਜਿਸ ਨੂੰ ਲੋਕੀਂ "ਕਾਨੂੰਨੀ ਬਾਈ" ਕਹਿੰਦੇ।
ਮਾਂ-ਬੋਲੀ ਦਾ ਮਾਣ ਵਧਾਇਆ,
ਦਫ਼ਤਰਾ 'ਚ ਪੰਜਾਬੀ ਬੋਰਡ ਉਹ ਲੈ ਕੇ ਆਇਆ।



ਵਿਭਾਗ ਕਹਿੰਦਾ "ਕੰਮ ਹੋਊਗਾ",
ਅੰਗਰੇਜ਼ੀ ਬੋਰਡ ਲਹਾਉਣਗੇ।
ਮਾਂ-ਬੋਲੀ ਨੂੰ ਥਾਂ ਦੇਣਗੇ,
ਫੋਟੋ ਖਿੱਚ ਕੇ ਭਿਜਵਾਉਣਗੇ।

ਮਿੱਤਰੋ ਇਹ ਜਿੱਤ ਸਾਡੀ ਆ,
ਰਲ ਕੇ ਰੌਲਾ ਪਾਇਆ ਸੀ।
ਸਰਕਾਰੀ ਦਫ਼ਤਰ ਹਿੱਲ ਗਏ,
ਪੰਜਾਬੀ ਨੇ ਰੰਗ ਲਿਆਂਦਾ ਸੀ।

ਇੱਕ ਚਿੱਠੀ ਨੇ ਕੰਮ ਕੀਤਾ,
ਕਲਮ ਦੀ ਤਾਕਤ ਵੇਖੋ ਨੀ।
ਅਫ਼ਸਰਸ਼ਾਹੀ ਦੇ ਕੰਨ ਖੜ੍ਹੇ ਹੋਏ,
ਮਾਂ-ਬੋਲੀ ਦੀ ਆਨ ਵੇਖੋ ਨੀ।

ਦਵਾਈ ਦੀ ਪਰਚੀ ਤੋਂ ਲੈ ਕੇ,
ਡਾਕਟਰ ਦੀ ਸਲਾਹ ਤੱਕ।
ਪੰਜਾਬੀ 'ਚ ਹੋਵੇ ਹਰ ਇੱਕ ਲਿਖਤ,
ਇਹੀ ਹੈ ਮੰਗ ਸਾਡੇ ਮਨ ਦੀ ਪੱਕ।

ਇਹ ਤਾਂ ਪਹਿਲੀ ਪੌੜੀ ਹੈ,
ਮੰਜ਼ਿਲ ਹਾਲੇ ਦੂਰ ਖੜ੍ਹੀ।
ਸਕੂਲਾਂ-ਕਚਹਿਰੀ-ਥਾਣਿਆਂ ਤੱਕ,
ਪੰਜਾਬੀ ਦੀ ਗੂੰਜ ਸੁਣਾਈ ਖੜ੍ਹੀ।

ਕਹਿੰਦਾ ਗੁਰਮੀਤ ਡੁਮਾਣਾ,
ਕਾਨੂੰਨੀ ਬਾਈ ਨੂੰ ਸਲਾਮ ਆ।
ਮਾਂ-ਬੋਲੀ ਦੀ ਸੇਵਾ ਖਾਤਰ,
ਹਰ ਪੰਜਾਬੀ ਦਾ ਨਾਮ ਆ।__




ਗੁਰਮੀਤ ਡੁਮਾਣਾ
ਲੋਹੀਆਂ ਖਾਸ, ਜਲੰਧਰ

## ਕੀ ਬਣਾਇਆ ਕੀ ਗਵਾਇਆ

ਲੈ ਲਈ ਲੋਅ ਮੈਂ ਸੂਰਜ ਦੀਆਂ ਕਿਰਨਾਂ ਤੋਂ ਉਧਾਰੀ ਜੀ
ਜੁਗਨੂੰ ਬਣਕੇ ਨ੍ਹੇਰਿਆਂ ਦੇ ਨਾਲ਼ ਸੰਗ ਹੌਸਲੇ ਅੜਿਆ ਹਾਂ
ਇਸ ਮੈਂ ਧਰਤੀ ਮਾਂ ਦਾ ਕਰਜ ਉਤਾਰ ਕਦੇ ਵੀ ਨਈਂ ਸਕਦਾ
ਚੰਦ ਦਾ ਵੀ ਉਪਕਾਰ ਮੇਰੇ ਤੇ ਚਾਨਣ ਦੇ ਵਿੱਚ ਮੜ੍ਹਿਆ ਹਾਂ
ਕਦੇ ਮੈਂ ਤਿਤਲੀ ਬਣ ਬਣ ਬੈਠਾ ਰੰਗ ਬਰੰਗੇ ਫੁੱਲਾਂ ਤੇ
ਕਦੇ ਸ਼ਹਿਦ ਲਈ ਮੱਖੀ ਬਣਕੇ ਫੁਲਵਾੜੀ ਵਿਚ ਵੜਿਆ ਹਾਂ
ਕਦੇ ਰਸ ਮੈਂ ਪੀਵਣ ਖਾਤਰ ਆਇਆ ਚੋਰੀ ਲੁਕ ਲੁਕ ਕੇ
ਫ਼ੇਰ ਉੱਡ ਗਿਆ ਮਨ ਦਾ ਪੰਛੀ ਜਦੋਂ ਕਿਸੇ ਨੇ ਫੜਿਆ ਹਾਂ
ਡਿੱਗਾ ਝੁੱਲੇ ਝੱਖੜ ਦੇ ਵਿੱਚ ਜੜਾਂ ਤੋਂ ਪੁੱਟਿਆ ਮੈਂ ਗਿਆ
ਕਦੇ ਮੈਂ ਪੱਤਝੜ ਦੇ ਵਿਚ ਸੁੱਕੇ ਪੱਤੇ ਵਾਂਗੂੰ ਝੜਿਆ ਹਾਂ
ਕਿਰਲੀ ਵਾਂਙੂ ਪੂੰਛ ਗਵਾਕੇ ਫੇਰ ਉਗਾਉਣੀ ਸਿੱਖ ਲਈ
ਨਵੇਂ ਤਜਰਬੇ ਹਾਸਿਲ ਹੋਏ ਜਦ ਲਹਿਰਾਂ ਵਿਚ ਹੜ੍ਹਿਆ ਹਾਂ
ਗਿਰਗਿਟ ਬਣਕੇ ਰੰਗ ਬਦਲਨੇ ਸਿੱਖ ਲਏ ਪ੍ਰਕਿਰਤੀ ਤੋਂ
ਜਾਂ ਫੇਰ ਜਾਮਾ ਲਾਹ ਕੇ ਤਨ ਤੋਂ ਫੇਰ ਓਸੇ ਵਿਚ ਵੜਿਆ ਹਾਂ
ਵਿੱਚ ਹਵਾਵਾਂ ਖੁਸ਼ਕ ਹੋ ਗਿਆ ਕਦੇ ਮੈਂ ਬੰਜਰ ਭੋਂ ਵਾਂਙੂ
ਕਿਧਰੇ ਜਿਗਰਾ ਪੱਥਰ ਹੋ ਗਿਆ ਵਿੱਚ ਥਲਾਂ ਦੇ ਸੜਿਆ ਹਾਂ
ਕਦੇ ਮੈਂ ਨੀਵਾਂ ਬਣਕੇ ਏਥੇ ਮਜ਼ਦੂਰੀ ਵੀ ਕੀਤੀ ਹੈ
ਕਦੇ ਵਕਤ ਦੇ ਸਿਖਰਾਂ ਉੱਪਰ ਉੱਚਾ ਹੋ ਹੋ ਚੜ੍ਹਿਆ ਹਾਂ
ਬਹੁਤ ਸਿੱਖਿਆ ਠੋਕਰਾਂ ਖਾ ਖਾ ਸਮੇਂ ਦੀਆਂ ਚਪੇੜਾਂ ਤੋਂ
ਬਣਿਆ ਓਨਾਂ ਤਿੱਖਾ ਸ਼ਾਤਿਰ ਜਿਨਾਂ ਵੀ ਮੈਂ ਰੜ੍ਹਿਆ ਹਾਂ
ਕਦੇ ਭਟਕਣਾ ਮੁੱਕੀ ਨਹੀਓਂ ਦੋਸ਼ ਸਾਰਾ ਖਿਆਲਾਂ ਦਾ
ਮਾਇਆ ਨੇ ਭਟਕਾ ਤਾ ਮੈਨੂੰ ਜਿੰਨਾਂ ਲਿਖਿਆ ਪੜ੍ਹਿਆ ਹਾਂ
ਅਪਣੇ ਵੱਲੋਂ ਤੱਕਾਂ ਧੰਨਿਆਂ ਮੰਜਿਲ ਦਿਸੇ ਦੂਰ ਬੜੀ
ਕੀ ਬਣਾਇਆ ਕੀ ਗਵਾਇਆ ਕਿੱਥੇ ਕੁ ਹੁਣ ਖੜ੍ਹਿਆ ਹਾਂ



ਧੰਨਾ ਧਾਲੀਵਾਲ:-
9878235714



# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਮੌਕੇ ਮੋਰਿੰਡਾ ਵਿਖੇ ਕੀਰਤਨ ਦਰਬਾਰ ਅਤੇ ਖ਼ੂਨਦਾਨ ਕੈਂਪ ਭਲਕੇ

**ਮੋਰਿੰਡਾ, 2 ਮਈ (ਸੁਖਵਿੰਦਰ ਸਿੰਘ ਹੈਪੀ)**– ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਅਤੇ ਵਿਸ਼ਾਲ ਖ਼ੂਨਦਾਨ ਕੈਂਪ ਭਲਕੇ 3 ਮਈ ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ, ਮੋਰਿੰਡਾ ਵਿਖੇ ਕਰਵਾਇਆ ਜਾਵੇਗਾ। ਮਹਾਰਾਜਾ ਸ. ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ (ਰਜਿ.) ਮੋਰਿੰਡਾ ਵੱਲੋਂ ਸਮੂਹ ਸੰਗਤਾਂ ਅਤੇ ਸਹਿਯੋਗੀ ਸਭਾਵਾਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਸਬੰਧੀ ਫੈਡਰੇਸ਼ਨ ਦੇ ਆਗੂ ਦਲਜੀਤ ਸਿੰਘ ਬਿੱਟੂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਸਜਾਏ ਜਾਣ ਵਾਲੇ ਕੀਰਤਨ ਦਰਬਾਰ ਵਿੱਚ ਭਾਈ ਕੰਵਲ ਸਿੰਘ ਜੀ ਕੰਵਲ (ਹਜ਼ੂਰੀ ਰਾਗੀ ਸ੍ਰੀ ਕੋਤਵਾਲੀ ਸਾਹਿਬ), ਭਾਈ ਗੁਰਮੀਤ ਸਿੰਘ ਜੀ (ਸ੍ਰੀ ਫਤਿਹਗੜ੍ਹ ਸਾਹਿਬ ਵਾਲੇ) ਅਤੇ ਭਾਈ ਗੁਰਬਾਜ ਸਿੰਘ (ਕਥਾ ਵਾਚਕ ਸ੍ਰੀ ਚਮਕੌਰ ਸਾਹਿਬ ਵਾਲੇ) ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਅਤੇ ਮਾ. ਅਵਤਾਰ ਸਿੰਘ ਕੰਗ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ। ਪੀ.ਜੀ.ਆਈ. ਚੰਡੀਗੜ੍ਹ ਦੀ ਟੀਮ ਇਸ ਮੌਕੇ ਖ਼ੂਨ ਇਕੱਤਰ ਕਰੇਗੀ। ਇਸ ਦੇ ਨਾਲ ਹੀ ਫਤਿਹ ਹਸਪਤਾਲ ਮੋਰਿੰਡਾ ਦੇ ਸਹਿਯੋਗ ਨਾਲ ਲੋੜਵੰਦ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਇਸ ਸਮਾਗਮ ਵਿੱਚ ਗੁ: ਰਾਮਗੜ੍ਹੀਆ ਸਿੰਘ ਸਭਾ ਮੋਰਿੰਡਾ, ਸ੍ਰੀ ਵਿਸ਼ਵਕਰਮਾ ਸਭਾ ਅਤੇ ਬਲੱਡ ਡੋਨਰਜ਼ ਕੌਂਸਲ ਮੋਰਿੰਡਾ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ। ਫੈਡਰੇਸ਼ਨ ਦੇ ਅਹੁਦੇਦਾਰਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਜਿੱਥੇ ਗੁਰੂ ਜਸ ਸਰਵਣ ਕਰਨ, ਉੱਥੇ ਹੀ ਖ਼ੂਨਦਾਨ ਕਰਕੇ ਮਾਨਵਤਾ ਦੀ ਸੇਵਾ ਵਿੱਚ ਵੀ ਹਿੱਸਾ ਪਾਉਣ।



# ਖਾਲਸਾ ਕਾਲਜੀਏਟ ਸਕੂਲ ਵਿੱਚ ਨਵੇਂ ਸੈਸ਼ਨ ਲਈ ਦਾਖਲਾ ਪ੍ਰਕਿਰਿਆ ਜਾਰੀ, ਕਲਾਸਾਂ ਨਿਯਮਤ ਰੂਪ ਤੋਂ ਸ਼ੁਰੂ ਹੋਣਗੀਆਂ

**ਹੁਸ਼ਿਆਰਪੁਰ 2 ਮਈ (ਤਰਸੇਮ ਦੀਵਾਨਾ)** – ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੈਂਪਸ ਵਿੱਚ ਚੱਲ ਰਹੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਰਟਸ, ਕਾਮਰਸ ਅਤੇ ਸਾਇੰਸ ਸਟਰੀਮਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਚੱਲ ਰਹੇ ਹਨ ਅਤੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੜ੍ਹਾਈ ਵੀ ਨਿਯਮਤ ਤੌਰ 'ਤੇ ਜਾਰੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ 10ਵੀਂ ਤੋਂ ਬਾਅਦ ਵਿਦਿਆਰਥੀ ਅਕਸਰ ਆਪਣੇ ਕਰੀਅਰ ਦੀ ਚੋਣ ਬਾਰੇ ਦੁਬਿਧਾ ਵਿੱਚ ਰਹਿੰਦੇ ਹਨ, ਜਿਸ ਲਈ ਵਿਦਿਆਰਥੀਆਂ ਦੇ ਹਿੱਤ ਅਤੇ ਕਰੀਅਰ ਮਾਰਗਦਰਸ਼ਨ ਲਈ ਕਾਲਜ ਵਿੱਚ ਇੱਕ ਵਿਸ਼ੇਸ਼ ਦਾਖਲਾ ਅਤੇ ਕਰੀਅਰ ਮਾਰਗਦਰਸ਼ਨ ਸੈੱਲ ਸਥਾਪਿਤ ਕੀਤਾ ਗਿਆ ਹੈ, ਜਿੱਥੇ ਵਿਦਿਆਰਥੀਆਂ ਦੀ ਰੁਚੀ, ਉੱਜਵਲ ਭਵਿੱਖ ਅਤੇ ਕਰੀਅਰ ਮਾਰਗਦਰਸ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ ਉਚਿਤ ਕੋਰਸ ਵਿੱਚ ਦਾਖਲਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਾਲਜੀਏਟ ਸਕੂਲ ਵਿੱਚ ਇੱਕ ਵੱਖਰੀ ਆਧੁਨਿਕ ਪ੍ਰਬੰਧਕੀ ਢਾਂਚਾ, ਤਜਰਬੇਕਾਰ ਸਟਾਫ, ਸਕਾਲਰਸ਼ਿਪ ਰਾਸ਼ੀ ਅਤੇ ਵਿਦਿਆਰਥੀਆਂ ਲਈ ਸਮਾਰਟ ਕਲਾਸਾਂ ਦੀ ਵਿਸ਼ੇਸ਼ ਵਿਵਸਥਾ ਹੈ ਅਤੇ ਹਰ ਸਾਲ ਵਿਦਿਆਰਥੀਆਂ ਨੂੰ ਸ਼ਾਨਦਾਰ ਨਤੀਜੇ ਮਿਲਦੇ ਹਨ। ਉਨ੍ਹਾਂ ਦੱਸਿਆ ਕਿ ਸੈਸ਼ਨ 2026-27 ਲਈ ਵਿਦਿਆਰਥੀਆਂ ਦੀਆਂ ਨਿਯਮਤ ਕਲਾਸਾਂ ਚੱਲ ਰਹੀਆਂ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਮਿਲਿਆ ਹੈ, ਉਹ ਕਾਲਜ ਵਿੱਚ ਸਥਿਤ ਦਾਖਲਾ ਅਤੇ ਕਰੀਅਰ ਮਾਰਗਦਰਸ਼ਨ ਸੈੱਲ ਨਾਲ ਸੰਪਰਕ ਕਰਕੇ ਆਪਣਾ ਦਾਖਲਾ ਯਕੀਨੀ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਕਾਲਜ ਵਿੱਚ 11ਵੀਂ, 12ਵੀਂ ਅਤੇ ਗ੍ਰੈਜੂਏਸ਼ਨ ਦੀ ਪੜ੍ਹਾਈ ਦੇ ਨਾਲ-ਨਾਲ ਫੂਡ ਪ੍ਰੋਡਕਸ਼ਨ ਅਤੇ ਬੇਕਰੀ ਵਿੱਚ ਤਿੰਨ ਮਹੀਨਿਆਂ ਦੇ ਸਰਟੀਫਿਕੇਟ ਕੋਰਸ ਅਤੇ ਪਕਵਾਨ ਕਲਾ ਅਤੇ ਕੇਟਰਿੰਗ ਮੈਨੇਜਮੈਂਟ ਵਿੱਚ ਸਰਟੀਫਿਕੇਟ ਕੋਰਸ ਸ਼ੁਰੂ ਕੀਤੇ ਗਏ ਹਨ, ਜਿਨ੍ਹਾਂ ਵਿੱਚ ਵਿਦਿਆਰਥੀ ਬਹੁਤ ਘੱਟ ਫੀਸ 'ਤੇ ਦਾਖਲਾ ਲੈ ਕੇ ਸਬੰਧਤ ਖੇਤਰ ਵਿੱਚ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਨ।



# ਮੁੱਖ ਮੰਤਰੀ ਦਾ ਡੋਪ ਟੈਸਟ ਕਰਵਾਇਆ ਜਾਵੇ ਤਾਂ ਜੋ ਪੰਜਾਬੀਆਂ ਦੇ ਸਾਹਮਣੇ ਸੱਚ ਆ ਸਕੇ : ਐਡਵੋਕੇਟ ਸੂਰਜ ਸਿੰਘ

**ਹੁਸ਼ਿਆਰਪੁਰ 2 ਮਈ ( ਤਰਸੇਮ ਦੀਵਾਨਾ)** – ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਰਟੀਆਈ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਸੂਰਜ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਵਿਧਾਨ ਸਭਾ ਵਿੱਚ ਕੀਤੇ ਬੇਹੂਦਾ ਰਵੱਈਏ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਗੱਲ ਹੈ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਦੇਣ ਦੇ ਵਾਅਦਾ ਕਰਨ ਵਾਲੇ ਸੂਬੇ ਦੇ ਸਭ ਤੋਂ ਉੱਚੇ ਅਹੁਦੇ 'ਤੇ ਬੈਠਾ ਵਿਅਕਤੀ ਕਥਿਤ ਤੌਰ 'ਤੇ ਨਸ਼ੇ ਦੀ ਹਾਲਤ ਵਿੱਚ ਵਿਧਾਨ ਸਭਾ ਵਰਗੇ ਪਵਿੱਤਰ ਸਦਨ ਵਿੱਚ ਜਾਵੇ ਤਾ ਇਹ ਲੋਕਤੰਤਰ ਅਤੇ ਪੰਜਾਬ ਦੀ ਜਨਤਾ ਦਾ ਅਪਮਾਨ ਹੈ। ਉਨ੍ਹਾਂ ਕਿਹਾ ਕਿ ਜਿਸ ਮੁੱਖ ਮੰਤਰੀ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਸਹੁੰ ਖਾਧੀ ਸੀ, ਜੇਕਰ ਉਹ ਖ਼ੁਦ ਹੀ ਕਥਿਤ ਅਜਿਹੀ ਹਾਲਤ ਵਿੱਚ ਸਦਨ ਅੰਦਰ ਨਜ਼ਰ ਆਉਣਗੇ ਤਾਂ ਸੂਬੇ ਦੇ ਨੌਜਵਾਨਾਂ ਨੂੰ ਕੀ ਸੰਦੇਸ਼ ਜਾਵੇਗਾ? ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਤੁਰੰਤ ਡੋਪ ਟੈਸਟ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੀ ਜਨਤਾ ਨੂੰ ਸਾਰੀ ਸੱਚਾਈ ਪਤਾ ਲੱਗ ਸਕੇ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੂੰ ਇਸ ਮੁੱਦੇ 'ਤੇ ਚੁੱਪੀ ਤੋੜਨੀ ਚਾਹੀਦੀ ਹੈ ਅਤੇ ਪਾਰਦਰਸ਼ਤਾ ਦਿਖਾਉਂਦੇ ਹੋਏ ਟੈਸਟ ਕਰਵਾ ਕੇ ਰਿਪੋਰਟ ਜਨਤਕ ਕਰਨੀ ਚਾਹੀਦੀ ਹੈ। ਜੇਕਰ ਮੁੱਖ ਮੰਤਰੀ ਸਹੀ ਹਨ ਤਾਂ ਉਨ੍ਹਾਂ ਨੂੰ ਟੈਸਟ ਕਰਵਾਉਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਉਹਨਾਂ ਕਿਹਾ ਕੀ ਸਦਨ ਵਰਗੇ ਪਵਿੱਤਰ ਸਥਾਨ ਦੀ ਮਰਿਆਦਾ ਨੂੰ ਮੁੱਖ ਰੱਖਦਿਆਂ ਅਲਕੋਹਲ ਟੈਸਟ ਕਰਵਾਉਣ ਵਿੱਚ ਕੋਈ ਹਰਜ਼ ਹੈ ! ਉਹਨਾਂ ਕਿਹਾ ਕਿ ਜੇਕਰ ਸੂਬੇ ਦਾ ਮੁਖੀ ਹੀ ਅਜਿਹੇ ਇਲਜ਼ਾਮਾਂ ਵਿੱਚ ਘਿਰਿਆ ਹੋਵੇ, ਤਾਂ ਨਸ਼ਾ ਵਿਰੋਧੀ ਮੁਹਿੰਮਾਂ ਦਾ ਨੌਜਵਾਨਾਂ 'ਤੇ ਕੀ ਪ੍ਰਭਾਵ ਪਵੇਗਾ ! ਦੂਜੇ ਪਾਸੇ, ਆਮ ਆਦਮੀ ਪਾਰਟੀ (AAP) ਨੇ ਇਨ੍ਹਾਂ ਇਲਜ਼ਾਮਾਂ ਨੂੰ ਪੂਰੀ ਤਰ੍ਹਾਂ ਨਕਾਰਿਆ ਹੈ। ਪਾਰਟੀ ਦੇ ਬੁਲਾਰਿਆਂ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਕੋਲ ਕੋਈ ਮੁੱਦਾ ਨਹੀਂ ਬਚਿਆ, ਇਸ ਲਈ ਉਹ ਮੁੱਖ ਮੰਤਰੀ ਦੀ ਛਵੀ ਖਰਾਬ ਕਰਨ ਲਈ ਕੋਝੀਆਂ ਚਾਲਾਂ ਚੱਲ ਰਹੇ ਹਨ।



# ਰੋਟਰੀ ਕਲੱਬ ਬੰਗਾ ਵਲੋਂ ਕੈਂਸਰ ਆਵੇਰਨੈੱਸ ਸੈਮੀਨਾਰ ਦਾ ਪ੍ਰਭਾਵਸ਼ਾਲੀ ਆਯੋਜਨ

**ਬੰਗਾ( ਚਰਨਜੀਤ ਸੱਲ੍ਹਾ )** ਰੋਟਰੀ ਕਲੱਬ ਬੰਗਾ ਗ੍ਰੀਨ ਅਤੇ ਏ.ਐਸ. ਫਰੋਜ਼ਨ ਫੂਡਸ ਨਾਗਰਾ ਵੱਲੋਂ ਸਾਂਝੇ ਤੌਰ ਤੇ ਕੌਮਾਂਤਰੀ ਮਜ਼ਦੂਰ ਦਿਵਸ ਦੇ ਪਵਿੱਤਰ ਮੌਕੇ ਕੈਂਸਰ ਆਵੇਰਨੈਸ ਸੈਮੀਨਾਰ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਮਜ਼ਦੂਰ ਵਰਗ ਸਮੇਤ ਸਮੂਹ ਸਮਾਜ ਨੂੰ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਤੋਂ ਬਚਾਅ ਲਈ ਜਾਗਰੂਕ ਕਰਨਾ ਅਤੇ ਸਿਹਤਮੰਦ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਰੋਟ ਹਰਮਨਪ੍ਰੀਤ ਸਿੰਘ ਰਾਣਾ ਵੱਲੋਂ ਸਾਰੇ ਹਾਜ਼ਰੀਨਾਂ ਨੂੰ ਦਿਲੋਂ ਜੀ ਆਇਆਂ ਆਖ ਕੇ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਸਰਦਾਰ ਰਘਵੀਰ ਸਿੰਘ ਚਾਹਲ ਪ੍ਰਧਾਨ ਅਤੇ ਸਕੱਤਰ ਜੱਸਪਾਲ ਸਿੰਘ ਜੱਸੀ ਡਿਪਟੀ ਜਨਰਲ ਮੈਨੇਜਰ ਚਾਹਲ ਚੈਰੀਟੇਬਲ ਟਰੱਸਟ ਅਤੇ ਕੈਂਸਰ ਕੇਅਰ ਸੈਂਟਰ ਕਮਾਲਪੁਰਾ ਜ਼ਿਲ੍ਹਾ ਲੁਧਿਆਣਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੈਂਸਰ ਕੋਈ ਲਾਇਲਾਜ ਬਿਮਾਰੀ ਨਹੀਂ, ਜੇਕਰ ਸਮੇਂ ਸਿਰ ਜਾਂਚ, ਸਾਵਧਾਨੀ ਅਤੇ ਸਹੀ ਇਲਾਜ ਮਿਲ ਜਾਵੇ ਤਾਂ ਇਸ ਨੂੰ ਹਰਾਇਆ ਜਾ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਸਮਝਾਇਆ ਕਿ ਤੰਬਾਕੂ, ਨਸ਼ੇ, ਗਲਤ ਖੁਰਾਕ, ਤਣਾਅ ਅਤੇ ਬੇਤਰਤੀਬ ਜੀਵਨਸ਼ੈਲੀ ਇਸ ਬਿਮਾਰੀ ਦੇ ਵੱਡੇ ਕਾਰਣ ਹਨ ਅਤੇ ਸਭ ਨੂੰ ਅਪੀਲ ਕੀਤੀ ਕਿ ਆਪਣੇ ਪਰਿਵਾਰਾਂ ਅਤੇ ਆਉਣ ਵਾਲੀ ਪੀੜ੍ਹੀ ਦੀ ਸਿਹਤ ਲਈ ਅੱਜ ਤੋਂ ਹੀ ਚੰਗੀਆਂ ਆਦਤਾਂ ਅਪਣਾਈਆਂ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਮਾਗਮ ਸਿਰਫ਼ ਇਕ ਸੈਮੀਨਾਰ ਨਹੀਂ, ਸਗੋਂ ਹਰ ਇਕ ਮਨੁੱਖ ਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਪ੍ਰਤੀ ਜਾਗਰੂਕ ਹੋਣ ਦਾ ਸੰਦੇਸ਼ ਹੈ। ਇਸ ਦੌਰਾਨ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਪ੍ਰਧਾਨ ਰੋਟ ਦਿਲਬਾਗ ਸਿੰਘ ਬਾਗੀ, ਵਾਇਸ ਪ੍ਰਧਾਨ ਰੋਟ ਸ਼ਮਿੰਦਰ ਸਿੰਘ ਗਰਚਾ ਅਤੇ ਰੋਟ ਹਰਮਨਪ੍ਰੀਤ ਸਿੰਘ ਰਾਣਾ ਨੇ ਸਾਂਝੇ ਤੌਰ ਤੇ ਕਿਹਾ ਕਿ ਸਮਾਜ ਦੀ ਸੇਵਾ ਕਰਨਾ ਹੀ ਰੋਟਰੀ ਦਾ ਅਸਲ ਮਕਸਦ ਹੈ ਅਤੇ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਕਲੱਬ ਮੈਂਬਰ ਰੋਟ ਡਾਕਟਰ ਪਰਮਜੀਤ ਸਿੰਘ ਰੱਤੂ ਨੇ ਅਰਗੈਨਿਕ ਸਬਜ਼ੀਆਂ ਅਤੇ ਸਾਫ ਸੁਥਰੇ ਅਨਾਜ ਵਰਤਣ ਦੀ ਸਲਾਹ ਦਿੱਤੀ, ਜਦਕਿ ਰੋਟ ਡਾਕਟਰ ਬਲਵੀਰ ਕੁਮਾਰ ਰਿਟਾਇਰਡ ਸਿਵਲ ਸਰਜਨ ਨੇ ਰੋਜ਼ਾਨਾ ਕਸਰਤ, ਸਵੇਰ ਦੀ ਸੈਰ ਅਤੇ ਬਾਜ਼ਾਰ ਦੀਆਂ ਬਣੀਆਂ ਚੀਜ਼ਾਂ ਤੋਂ ਦੂਰ ਰਹਿਣ ਤੇ ਜ਼ੋਰ ਦਿੱਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਰੋਟ ਦਿਲਬਾਗ ਸਿੰਘ ਬਾਗੀ ਨੇ ਬੜੀ ਹੀ ਬਾਖ਼ੂਬੀ ਨਾਲ ਨਿਭਾਈ। ਇੰਨਰਵੀਲ ਕਲੱਬ ਦੀ ਪ੍ਰਧਾਨ ਡਾਕਟਰ ਵੰਦਨਾ ਮੁੰਗਾ ਨੇ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਸਮੂਹ ਮੈਂਬਰਾਂ ਅਤੇ ਚਾਹਲ ਚੈਰੀਟੇਬਲ ਟਰੱਸਟ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਮਾਜ ਨੂੰ ਨਵੀਂ ਸੋਚ ਅਤੇ ਨਵੀਂ ਦਿਸ਼ਾ ਦੇਣ ਵਾਲੇ ਯਤਨ ਹੁੰਦੇ ਹਨ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਵਿੱਚ ਰੋਟ ਸ਼ਮਿੰਦਰ ਸਿੰਘ ਗਰਚਾ, ਰੋਟ ਹਰਮਨਪ੍ਰੀਤ ਸਿੰਘ ਰਾਣਾ, ਰੋਟ ਭੁਪੇਸ਼ ਕੁਮਾਰ, ਰੋਟ ਰਣਜੀਤ ਸਿੰਘ ਕੰਦੋਲਾ, ਰੋਟ ਜੀਵਨ ਦਾਸ ਕੌਸ਼ਲ, ਰੋਟ ਦੇਵਿੰਦਰ ਕੁਮਾਰ, ਰੋਟ ਐਡਵੋਕੇਟ ਸ਼ਮਸ਼ੇਰ ਸਿੰਘ ਝਿੱਕਾ, ਰੋਟ ਸਰਬਜੀਤ ਸਿੰਘ ਬੇਦੀ, ਰੋਟ ਸੁੱਖਵਿੰਦਰ ਸਿੰਘ ਧਾਮੀ, ਸਰਦਾਰ ਕਰਮਜੀਤ ਸਿੰਘ, ਸਰਦਾਰ ਗੁਰ-ਚਰਨ ਸਿੰਘ ਏ ਸ ਫਰੋਜੇਨ ਫੂਡਸ ਨਾਗਰਾ ਇੰਦਰਜੀਤ ਕੌਰ ਬੇਦੀ ਦਮਨਜੀਤ ਕੌਰ ਸੁਖਦੀਪ ਐਕਸ ਸਰਪੰਚ , ਨਰਿੰਦਰ ਸਿੰਘ ਨਿੰਦੀ ਐਕਸ ਸਰਪੰਚ , ਗੁਰਦੀਪ ਸਿੰਘ ਚਾਹਲ ਖੁਰਦ, ਹਰਬੰਸ ਸਿੰਘ ਗੁਣਾਚੌਰ, ਰੋਟ ਬਲਵਿੰਦਰ ਸਿੰਘ ਪਾਂਧੀ, ਰਵਿੰਦਰ ਕੌਰ ਗੁਰਦੀਪ ਸਿੰਘ ਪੰਚ ਝਿੱਕਾ ਅਮਰੀਕ ਪਾਠਲਾਵਾ ਅਤੇ ਏ ਸ ਫਰੋਜੇਨ ਫੂਡਸ ਦਾ ਸਾਰੇ ਕਰਮਚਾਰੀ ਹੋਰ ਅਨੇਕ ਪਤਵੰਤੇ ਸੱਜਣ ਹਾਜ਼ਰ ਸਨ।**



# ਡਾ ਬੀ ਆਰ ਅੰਬੇਡਕਰ ਪਿਉਪਲ ਐਜੂਕੇਸਨ ਐਂਡ ਵੈਲਫੇਅਰ ਏਡ ਸੋਸਾਇਟੀ ਪੰਜਾਬ ਵੱਲੋਂ ਲੜਕੀਆਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ --ਕ੍ਰਿਪਾਲ ਸਿੰਘ ਝੱਲੀ

**ਚੱਬੇਵਾਲ (ਚਰਨਜੀਤ ਸੱਲ੍ਹਾ )** 01.05.2026 ਡਾ. ਬੀ. ਆਰ. ਅੰਬੇਡਕਰ ਪਿਉਪਲ ਐਜੂਕੇਸ਼ਨ ਐਂਡ ਵੈਲਫੇਅਰ ਏਡ ਸੋਸਾਇਟੀ ਪੰਜਾਬ (ਰਜਿ:) ਵਲੋਂ ਪਿੰਡ ਸੈਦੋ ਪੱਟੀ ਜਿਲ੍ਹਾ ਹੁਸ਼ਿਆਰਪੁਰ ਵਿਖੇ (ਸਾਲ 2026-2027)ਲੜਕੀਆਂ ਲਈ ਕ੍ਰਮਵਾਰ ਕਟਿੰਗ ਟੇਲਰਿੰਗ ਐਂਡ ਫੈਸ਼ਨ ਡਿਜਾਇੰਗ ਕੋਰਸ ਅਤੇ ਅਡਵਾਂਸ ਬਿਊਟੇਸ਼ਨ ਕੋਰਸ ਸ਼ੁਰੂ ਹੋਣ ਉਪਰੰਤ ਸਾਲ ਦੀ ਪਹਿਲੀ ਮੀਟਿੰਗ ਕਿਰਪਾਲ ਸਿੰਘ ਝੱਲੀ ਜਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ (ਸੇਵਾਮੁਕਤ) ਐਡਵਾਈਜਰ ਦੀ ਪ੍ਰਧਾਨਗੀ ਹੇਠ ਅਯੋਜਿਤ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ. ਝੱਲੀ ਵੱਲੋਂ ਸਿਖਿਆਰਥੀਆਂ ਨੂੰ ਟ੍ਰੇਨਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਹਦਾਇਤ ਕੀਤੀ ਗਈ । ਕੰਮ ਵਿੱਚ ਕੁਸ਼ਲਤਾ ਲਿਆਉਣ ਲਈ ਟ੍ਰੇਨਿੰਗ ਵਿੱਚ ਅਨੁਸ਼ਾਸਨ ਰੱਖਣਾ ਬਹੁਤ ਜਰੂਰੀ ਹੈ।ਉਨਾ ਕਿਹਾ ਕਿ ਇਲਾਕੇ ਵਿੱਚ ਲੋੜਵੰਦ ਲੜਕੀਆਂ ਜੋ ਟ੍ਰੇਨਿੰਗ ਲੈਣਾ ਚਾਹੁੰਦੀਆਂ ਹਨ ਉਨਾ ਨੂੰ ਉਤਸ਼ਾਹਿਤ ਕਰਕੇ ਟ੍ਰੇਨਿੰਗ ਸੈਂਟਰ ਵਿੱਚ ਲਿਆਦਾ ਜਾਵੇ ਅਤੇ ਹਾਜ਼ਰੀ ਯਕੀਨੀ ਬਣਾਈ ਜਾਵੇ। ਇਸ ਮੌਕੇ ਸਰਪੰਚ ਸ. ਭੁਪਿੰਦਰ ਸਿੰਘ ਸੈਦੋ ਪੱਟੀ ਵਲੋਂ ਕਿਹਾ ਕਿ ਡਾ ਅੰਬੇਡਕਰ ਸੋਸਾਇਟੀ ਦਾ ਬਹੁਤ - ਬਹੁਤ ਧੰਨਵਾਦ ਜਿਨਾ ਨੇ ਸਾਡੇ ਨੂੰ ਚੁਣਿਆ ਹੈ।ਮੀਟਿੰਗ ਵਿੱਚ ਸੰਤੋਖ ਸਿੰਘ ਧਾਮੀ ਕੈਸ਼ੀਅਰ, ਸ.ਭੁਪਿੰਦਰ ਸਿੰਘ ਸਰਪੰਚ ਪਿੰਡ ਸੈਦੋ ਪੱਟੀ , ਸ. ਰਾਮਜੀਤ ਸਿੰਘ ਸਾਬਕਾ ਫੌਜੀ ਸੈਦੋ ਪੱਟੀ, ਹਰਦੀਪ ਕੌਰ ਇੰਸਟਰੱਕਟਰ,ਅਨੁਰਾਧਾ ਇੰਸਟਰੱਕਟਰ ਅਤੇ ਸਿੱਖਿਆਰਥੀ ਹਾਜਰ ਸਨ।





# ਬਜ਼ੁਰਗਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਾਡੀ ਤਰਜੀਹ : ਐੱਸ.ਐੱਮ.ਓ. ਡਾ ਸਤਵਿੰਦਰਪਾਲ ਸਿੰਘ

- **ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿੱਚ ਜੈਰੀਐਟ੍ਰਿਕ ਓ.ਪੀ.ਡੀ. ਰਾਹੀਂ ਬਜ਼ੁਰਗਾਂ ਦੀ ਸਿਹਤ ਜਾਂਚ**
- **ਐੱਸ.ਐੱਮ.ਓ. ਵੱਲੋਂ ਬਜ਼ੁਰਗਾਂ ਨੂੰ ਆਪਣੀ ਸਿਹਤ ਦੀ ਨਿਯਮਿਤ ਜਾਂਚ ਕਰਵਾਉਣ ਦੀ ਅਪੀਲ**

**ਨਵਾਂਸ਼ਹਿਰ, 2 ਮਈ (ਮਨੋਰੰਜਨ ਕਾਲੀਆ ):**ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ ਸਤਵਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿੱਚ ਬਜ਼ੁਰਗ ਨਾਗਰਿਕਾਂ ਦੀ ਸਿਹਤ ਸੰਭਾਲ ਲਈ ਜੈਰੀਐਟ੍ਰਿਕ ਓ.ਪੀ.ਡੀ. ਲਗਾਈ ਗਈ। ਇਸ ਓ.ਪੀ.ਡੀ. ਦਾ ਮੁੱਖ ਉਦੇਸ਼ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਉਨ੍ਹਾਂ ਦੀ ਉਮਰ ਨਾਲ ਸੰਬੰਧਿਤ ਬਿਮਾਰੀਆਂ ਦੀ ਜਾਂਚ, ਇਲਾਜ ਅਤੇ ਸਲਾਹ ਮੁਹੱਈਆ ਕਰਵਾਉਣਾ ਹੈ। ਇਸ ਸਬੰਧੀ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ ਸਤਵਿੰਦਰਪਾਲ ਸਿੰਘ ਨੇ ਦੱਸਿਆ ਕਿ ਜੈਰੀਐਟ੍ਰਿਕ ਓ.ਪੀ.ਡੀ. ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ, ਦਿਲ ਦੀਆਂ ਬਿਮਾਰੀਆਂ, ਹੱਡੀਆਂ ਦੀ ਕਮਜ਼ੋਰੀ, ਜੋੜਾਂ ਦੇ ਦਰਦ, ਨਜ਼ਰ ਅਤੇ ਸੁਣਨ ਸੰਬੰਧੀ ਸਮੱਸਿਆਵਾਂ ਦੀ ਵਿਸ਼ੇਸ਼ ਤੌਰ ‘ਤੇ ਜਾਂਚ ਕੀਤੀ ਜਾਂਦੀ ਹੈ। ਨਾਲ ਹੀ ਬਜ਼ੁਰਗਾਂ ਨੂੰ ਦਵਾਈਆਂ, ਸਿਹਤਮੰਦ ਜੀਵਨ ਸ਼ੈਲੀ ਅਤੇ ਪੋਸ਼ਣ ਬਾਰੇ ਵੀ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਸਿਹਤ ਵਿਭਾਗ ਦਾ ਮੁੱਖ ਮਕਸਦ ਬਜ਼ੁਰਗਾਂ ਨੂੰ ਇਕ ਛੱਤ ਥੱਲੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ ਤਾਂ ਜੋ ਉਨ੍ਹਾਂ ਨੂੰ ਵੱਖ-ਵੱਖ ਥਾਵਾਂ ‘ਤੇ ਭਟਕਣਾ ਨਾ ਪਵੇ। ਬਜ਼ੁਰਗਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣਾ ਸਾਡੀ ਤਰਜੀਹ ਹੈ। ਜ਼ਿਲ੍ਹਾ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ ਸਤਵਿੰਦਰਪਾਲ ਸਿੰਘ ਨੇ ਜਾਣਕਾਰੀ ਦਿੱਤੀ ਕਿ ਜੈਰੀਐਟ੍ਰਿਕ ਓ.ਪੀ.ਡੀ. ਵਿੱਚ ਮਾਹਿਰ ਡਾਕਟਰਾਂ ਵੱਲੋਂ ਬਜ਼ੁਰਗ ਮਰੀਜ਼ਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾਂਦੀ ਹੈ ਅਤੇ ਜ਼ਰੂਰਤ ਅਨੁਸਾਰ ਉਨ੍ਹਾਂ ਨੂੰ ਅੱਗੇ ਰੈਫਰ ਵੀ ਕੀਤਾ ਜਾਂਦਾ ਹੈ। ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ ਸਤਵਿੰਦਰਪਾਲ ਸਿੰਘ ਨੇ ਜ਼ਿਲ੍ਹੇ ਦੇ ਸਾਰੇ ਬਜ਼ੁਰਗ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਵਿੱਚ ਹਰ ਸ਼ਨਿਚਰਵਾਰ ਨੂੰ ਚੱਲ ਰਹੀ ਜੈਰੀਐਟ੍ਰਿਕ ਓ.ਪੀ.ਡੀ. ਦਾ ਲਾਭ ਲੈਣ ਅਤੇ ਆਪਣੀ ਸਿਹਤ ਦੀ ਨਿਯਮਿਤ ਜਾਂਚ ਕਰਵਾਉਣ।



# ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਇੰਚਾਰਜ ਹਰਜੀ ਮਾਨ ਪਹੁੰਚੇ ਸਮਾਜ ਸੇਵਕ ਇੰਜੀਨੀਅਰ ਮਨੀਸ਼ ਮਹਿਮੀ ਦੇ ਘਰ

- **ਮਹਿਮੀ ਨੇ ਅਰਬਨ ਅਸਟੇਟ ਦੀਆ ਸਮੱਸਿਆਵਾਂ ਬਾਰੇ ਰਾਜ ਕੁਮਾਰ ਚੱਬੇਵਾਲ ਤੇ ਹਰਜੀ ਮਾਨ ਨੂੰ ਕਰਵਾਇਆ ਜਾਣੂ**
- **ਚੱਬੇਵਾਲ ਅਤੇ ਹਰਜੀ ਮਾਨ ਨੇ ਅਰਬਨ ਅਸਟੇਟ ਦੀਆ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਦਿੱਤਾ ਭਰੋਸਾ**

**ਫਗਵਾੜਾ 2 ਮਈ ( ਚਰਨਜੀਤ ਸੱਲ੍ਹਾ )** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਅੱਜ ਅੰਬੇਡਕਰੀ ਆਗੂ ਤੇ ਸਮਾਜ ਸੇਵਕ ਮਨੀਸ਼ ਮਹਿਮੀ ਦੇ ਗ੍ਰਹਿ ਅਰਬਨ ਅਸਟੇਟ ਫਗਵਾੜਾ ਵਿਖੇ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਅਤੇ ਗੁਰਦੀਪ ਸਿੰਘ ਦੀਪਾ ਸਮੇਤ ਪਹੁੰਚੇ, ਜਿੱਥੇ ਮਨੀਸ਼ ਮਹਿਮੀ ਦੀ ਅਗਵਾਈ ਵਿੱਚ ਐਮ.ਪੀ.ਰਾਜ ਕੁਮਾਰ ਚੱਬੇਵਾਲ, ਹਰਜੀ ਮਾਨ ਅਤੇ ਗੁਰਦੀਪ ਦੀਪਾ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਅਰਬਨ ਅਸਟੇਟ ਦੀਆ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ। ਸਮਾਜ ਸੇਵਕ ਮਨੀਸ਼ ਮਹਿਮੀ ਨੇ ਮੈਂਬਰ ਪਾਰਲੀਮੈਂਟ ਰਾਜ ਕੁਮਾਰ ਚੱਬੇਵਾਲ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਤੋਂ ਮੰਗ ਕੀਤੀ ਕਿ ਅਰਬਨ ਅਸਟੇਟ ਦੀਆ ਪਾਰਕਾਂ ਦੀ ਮੈਂਟੀਨੈਂਸ ਕਰਵਾਈ ਜਾਵੇ, ਟੁੱਟੀਆਂ ਸੜਕਾਂ ਦੀ ਰਿਪੇਅਰ, ਸਟਰੀਟ ਲਾਈਟਾਂ ਨੂੰ ਤੁਰੰਤ ਠੀਕ ਦੀ ਕਰਵਾਉਣ ਦੀ ਮੰਗ ਦੇ ਨਾਲ ਨਾਲ ਜੀ.ਟੀ.ਰੋਡ ਤੇ ਬਣੇ ਕੂੜੇ ਦੇ ਡੰਪ ਨੂੰ ਪਹਿਲ ਦੇ ਆਧਾਰ ਤੇ ਚੁਕਾਉਣ ਦੀ ਮੰਗ ਕੀਤੀ। ਰਾਜ ਕੁਮਾਰ ਚੱਬੇਵਾਲ ਅਤੇ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ ਨੇ ਭਰੋਸਾ ਦਿਵਾਇਆ ਕਿ ਉਹ ਅਰਬਨ ਅਸਟੇਟ ਦੀਆ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣਗੇ। ਹਰਜੀ ਮਾਨ ਨੇ ਪਾਰਕ ਦਾ ਦੌਰਾ ਵੀ ਕੀਤਾ। ਇਸ ਮੌਕੇ ਬਹੁਜਨ ਸੰਘਰਸ਼ ਆਰਗਨਾਈਜੇਸ਼ਨ ਆਫ਼ ਇੰਡੀਆ ਦੇ ਸੰਸਥਾਪਕ ਰਜਿੰਦਰ ਘੇੜਾ, ਸਮਾਜਿਕ ਕਾਰਜਕਰਤਾ ਧਰਮਿੰਦਰ ਸਿੰਘ ਭੁੱਲਾਰਾਈ, ਸੁਰਿੰਦਰ ਰਾਵਲਪਿੰਡੀ ਤੋਂ ਗੁਰਪ੍ਰੀਤ ਸਿੰਘ, ਬਲਕਾਰ ਕੁਮਾਰ, ਸੋਹਣ ਲਾਲ ਮਹਿਮੀ, ਰਣਜੀਤ ਕੌਰ, ਮਿਸ ਭਾਰਤੀ,ਬਲਜੀਤ ਕੌਰ ਬੱਸਣ ਆਦਿ ਹਾਜ਼ਰ ਸਨ। ਤਸਵੀਰ ਸਮੇਤ



for more news visit: www.samajweekly.com

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੋਹਣ ਨੇ ਬਿਜ਼ਨਸ ਬਲਾਸਟਰ ਮੇਲਾ ਸਫਲਤਾਪੂਰਵਕ ਆਯੋਜਿਤ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** "ਬਿਜ਼ਨਸ ਬਲਾਸਟਰ ਮੇਲਾ" ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੋਹਣ ਵਿਖੇ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੀ ਅਗਵਾਈ ਹੇਠ ਆਯੋਜਿਤ ਇਸ ਮੇਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਪਾਰਕ ਸੋਚ, ਦਸਤਕਾਰੀ ਅਤੇ ਸੁਤੰਤਰ ਕੰਮ ਕਰਨ ਦੇ ਹੁਨਰ ਨੂੰ ਵਿਕਸਤ ਕਰਨਾ ਸੀ। ਪ੍ਰਿੰਸੀਪਲ ਮਲਕੀਤ ਕੌਰ ਦੀ ਪ੍ਰਧਾਨਗੀ ਅਤੇ ਲੈਕਚਰਾਰ ਗੁਰਪ੍ਰੀਤ ਕੌਰ ਦੀ ਨਿਗਰਾਨੀ ਹੇਠ, 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਢੰਗ ਨਾਲ ਆਪਣੀ ਵਪਾਰਕ ਸੂਝ-ਬੂਝ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਦੇ ਸਟਾਲਾਂ 'ਤੇ ਫਲਾਂ ਦੀ ਚਾਟ, ਸਲਾਦ, ਤਿਉਹਾਰਾਂ ਦੀਆਂ ਚੀਜ਼ਾਂ, ਦੀਵੇ, ਹਾਰ, ਘਰੇਲੂ ਸਜਾਵਟ ਦੀਆਂ ਚੀਜ਼ਾਂ, ਗਰਮੀਆਂ ਦੇ ਪੀਣ ਵਾਲੀਆਂ ਲੱਸੀ, ਚਾਟ ਮਸਾਲਾ, ਸੁੰਦਰ ਹੱਥ ਨਾਲ ਬਣੀਆਂ ਚੂੜੀਆਂ ਅਤੇ ਹਾਰ, ਕਾਗਜ਼ ਦਾ ਸਾਬਣ, ਸ਼ੁਭ ਤੋਹਫ਼ਿਆਂ ਲਈ



ਆਕਰਸ਼ਕ ਲਿਫਾਫੇ, ਮਹਿੰਦੀ ਅਤੇ ਹੋਰ ਬਹੁਤ ਕੁਝ ਪ੍ਰਦਰਸ਼ਿਤ ਕੀਤਾ ਗਿਆ। ਹੋਰ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੇ ਆਪਣੇ ਹੱਥ ਨਾਲ ਬਣੇ ਉਤਪਾਦ ਖਰੀਦੇ ਅਤੇ ਉਨ੍ਹਾਂ ਦੀ ਕਲਾਤਮਕਤਾ, ਕਾਢ ਕੱਢਣ ਅਤੇ ਸਧਾਰਨ ਸਮੱਗਰੀ ਤੋਂ ਸੁੰਦਰ ਚੀਜ਼ਾਂ ਬਣਾਉਣ ਦੀ ਯੋਗਤਾ ਦੀ ਪ੍ਰਸ਼ੰਸਾ ਕੀਤੀ। ਇਸ ਸਮਾਗਮ ਦਾ ਉਦਘਾਟਨ ਪ੍ਰਿੰਸੀਪਲ ਮਲਕੀਤ ਕੌਰ, ਲੈਕਚਰਾਰ ਪ੍ਰਭਜੋਤ ਸਿੰਘ, ਲੈਕਚਰਾਰ ਮੁਨੀਸ਼ ਮੌਦਗਿਲ, ਲੈਕਚਰਾਰ ਹਰਵਿੰਦਰ ਕੌਰ ਅਤੇ ਲੈਕਚਰਾਰ ਕੁਲਵਿੰਦਰ ਦੇਵੀ ਨੇ ਸਕੂਲ ਮੈਨੇਜਮੈਂਟ ਕਮੇਟੀ ਦੀ ਚੇਅਰਪਰਸਨ ਰਣਜੀਤ ਕੌਰ ਦੇ ਨਾਲ ਕੀਤਾ। ਉਨ੍ਹਾਂ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਪ੍ਰਸ਼ੰਸਾ ਕੀਤੀ ਅਤੇ ਛੋਟੇ ਉਦਯੋਗਾਂ ਵਿੱਚ ਵਰਤੀਆਂ ਜਾਣ ਵਾਲੀਆਂ ਸਮੱਗਰੀਆਂ ਦੀ ਰੀਸਾਈਕਲਿੰਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਵਿਦਿਆਰਥੀਆਂ ਨੇ ਇਸ ਮੇਲੇ ਤੋਂ ਕਾਰੋਬਾਰ, ਗਾਹਕ ਪ੍ਰਬੰਧਨ, ਕੀਮਤ ਅਤੇ ਸਟਾਲ ਪ੍ਰਬੰਧਨ ਦੇ ਬਹੁਤ ਸਾਰੇ ਨੈਤਿਕ ਸਿਧਾਂਤ ਸਿੱਖੇ। ਹਰਮੇਸ਼ ਕੁਮਾਰੀ, ਹਰਕਮਲ ਕੌਰ, ਬਲਵੀਰ ਸਿੰਘ, ਮੋਨਿਕਾ ਲਾਂਬਾ, ਅਮਨਪ੍ਰੀਤ ਕੌਰ, ਰਜਨੀ ਰਾਣੀ, ਅਰਵਿੰਦਰ ਕੌਰ, ਅਮਰਜੀਤ ਰਾਏ, ਮੁਕੇਸ਼ ਕੁਮਾਰ, ਸੁਨੀਤਾ ਦੇਵੀ, ਜਸਵਿੰਦਰ ਸਿੰਘ, ਸੀਮਾ ਰਾਣੀ, ਬਲਜਿੰਦਰ ਕੌਰ, ਅਮਨਰੂਪ ਕੌਰ, ਬਲਵੀਰ ਕੁਮਾਰ, ਸੋਨੀ, ਆਸ਼ਾ, ਨੀਲਮ, ਪਰਮਜੀਤ ਕੌਰ ਅਤੇ ਗੁਰਮੇਲ ਸਿੰਘ ਸਮੇਤ ਹੋਰ ਅਧਿਆਪਕ ਮੇਲੇ ਵਿੱਚ ਸ਼ਾਮਲ ਹੋਏ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਤਰੱਕੀ ਲਈ ਸ਼ੁਭਕਾਮਨਾਵਾਂ ਦਿੱਤੀਆਂ।

# "ਵਿਸ਼ਵ ਰੈੱਡ ਕਰਾਸ ਦਿਵਸ" ਮੌਕੇ 18 ਸਾਲ ਤੱਕ ਦੇ ਬੱਚਿਆ ਲਈ ਮੁਫਤ ਅੱਖਾਂ ਦਾ ਜਾਂਚ ਕੈਂਪ 08 ਮਈ ਨੂੰ

## ਡੀ.ਐਮ.ਸੀ, ਲੁਧਿਆਣਾ ਦੇ ਮਾਹਿਰ ਡਾਕਟਰਾਂ ਵੱਲੋਂ ਕੀਤੀ ਜਾਵੇਗੀ ਜਾਂਚ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ "ਵਿਸ਼ਵ ਰੈੱਡ ਕਰਾਸ ਦਿਵਸ 2026" ਦੇ ਮੌਕੇ 'ਤੇ "ਪ੍ਰੋਜੈਕਟ ਰੋਸ਼ਨੀ" ਤਹਿਤ ਬੱਚਿਆਂ ਦੀ ਸਿਹਤ ਸੰਭਾਲ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਅਤੇ ਡੀ.ਐਮ.ਸੀ. ਲੁਧਿਆਣਾ ਦੇ ਸਾਂਝੇ ਸਹਿਯੋਗ ਨਾਲ 8 ਮਈ, 2026 ਨੂੰ ਸਵੇਰੇ 09:00 ਵਜੇ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਮਾਡਲ ਸਕੂਲ, ਨੇੜੇ ਸ਼ਿਮਲਾ ਪਹਾੜੀ ਚੌਕ, ਮਾਲ ਰੋਡ, ਹੁਸ਼ਿਆਰਪੁਰ ਵਿਖੇ ਮੁਫ਼ਤ ਅੱਖਾਂ ਦਾ ਮੈਡੀਕਲ ਕੈਂਪ ਲਗਵਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ



ਕਿ ਉਹ ਆਪਣੇ ਬੱਚਿਆਂ ਦੀ ਅੱਖਾਂ ਦੀ ਸਿਹਤ ਪ੍ਰਤੀ ਸੁਚੇਤ ਹੋਣ ਅਤੇ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ। ਵਧੇਰੇ ਜਾਣਕਾਰੀ ਦਿੰਦੇ ਹੋਏ ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਕੈਂਪ ਦੌਰਾਨ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਵਿੱਚ ਵਧ ਰਹੀਆਂ ਅੱਖਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਡੀ.ਐਮ.ਸੀ. ਲੁਧਿਆਣਾ ਦੇ ਮਾਹਰ ਡਾਕਟਰਾਂ ਵੱਲੋਂ ਚੈੱਕਅੱਪ ਕੀਤਾ ਜਾਵੇਗਾ। ਖਾਸ ਕਰਕੇ ਉਹਨਾਂ ਬੱਚਿਆਂ ਲਈ ਇਹ ਸੁਨਹਿਰੀ ਮੌਕਾ ਹੈ ਜਿਨ੍ਹਾਂ ਦੀ ਨਜ਼ਰ ਦੀ ਕਮਜ਼ੋਰੀ: ਦੂਰ (ਬਲੈਕਬੋਰਡ/ਟੀ.ਵੀ.) ਜਾਂ ਨੇੜੇ (ਪੜ੍ਹਨ/ਲਿਖਣ) ਦੀ ਨਜ਼ਰ ਵਿੱਚ ਮੁਸ਼ਕਿਲ,ਸਰੀਰਕ ਲੱਛਣ: ਅੱਖਾਂ ਵਿੱਚੋਂ ਪਾਣੀ ਆਉਣਾ, ਲਾਲੀ ਰਹਿਣਾ, ਅੱਖਾਂ 'ਤੇ ਬੋਝ ਜਾਂ ਲਗਾਤਾਰ ਸਿਰ ਦਰਦ ਹੋਣਾ,ਗੰਭੀਰ ਸਮੱਸਿਆਵਾਂ: ਭੈਂਗਾਪਣ, ਅੱਖ ਵਿੱਚ ਚਿੱਟਾ ਧੱਬਾ, ਪਲਕਾਂ ਦਾ ਝੁਕਣਾ ਜਾਂ ਅੱਖ 'ਤੇ ਲੱਗੀ ਪੁਰਾਣੀ ਸੱਟ, ਮੁਫ਼ਤ ਸਰਜਰੀ: ਇਸ ਕੈਂਪ ਵਿੱਚ ਜਾਂਚ ਉਪਰੰਤ ,ਅਜਿਹੇ ਬੱਚੇ ਜੋ ਆਰਥਿਕ ਤੰਗੀ ਕਾਰਨ ਅਪਰੇਸ਼ਨ ਕਰਵਾਉਣ ਵਿੱਚ ਅਸਮਰੱਥ ਹਨ, ਦੀ ਸਰਜਰੀ, ਡੀ.ਐਮ.ਸੀ., ਲੁਧਿਆਣਾ ਵੱਲੋਂ ਬਿਲਕੁਲ ਮੁਫ਼ਤ ਕੀਤੀ ਜਾਵੇਗੀ। ਕੈਂਪ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਪੁੱਛਗਿੱਛ ਲਈ ਮੋਬਾਇਲ ਨੰਬਰ 81462 41296 'ਤੇ ਸੰਪਰਕ ਕੀਤਾ ਜਾ ਸਕਦਾ।

# ਵਿਕਾਸ ਕਾਰਜਾਂ ਵਿੱਚ ਫੰਡਾਂ ਦੀ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਘਾਟ - ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਸ. ਮਲਵਿੰਦਰ ਸਿੰਘ ਕੰਗ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ-ਵੱਖ ਪਿੰਡਾਂ ਵਿੱਚ ਐਮਪੀ ਲੈਡ ਫੰਡ ਤਹਿਤ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਉਨ੍ਹਾਂ ਨਾਲ ਹਲਕਾ ਨਵਾਂਸ਼ਹਿਰ ਦੇ ਇੰਚਾਰਜ ਤੇ ਪੰਜਾਬ ਰਾਜ ਉਦਯੋਗਿਕ ਸਿਖਲਾਈ ਬੋਰਡ ਦੇ ਡਿਪਟੀ ਚੇਅਰਮੈਨ ਸ੍ਰੀ ਲਲਿਤ ਮੋਹਨ ਪਾਠਕ ਵੀ ਸਨ। ਸ. ਮਲਵਿੰਦਰ ਸਿੰਘ ਕੰਗ ਵੱਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਸਜਾਵਲਪੁਰ ਵਿਖੇ ਓਪਨ ਜਿਮ, ਪਿੰਡ ਜੇਠੂ ਮਜਾਰਾ ਤੇ ਦਿਲਾਵਰਪੁਰ ਵਿਖੇ ਸਟ੍ਰੀਟ ਤੇ ਡ੍ਰੇਨ ਕਾਰਜਾਂ, ਪਿੰਡ ਨੰਗਲ ਜੱਟਾ ਵਿਖੇ ਸ਼ਮਸ਼ਾਨਘਾਟ, ਪਿੰਡ ਉੜਾਪੜ ਵਿਖੇ ਫੁੱਟਬਾਲ ਗਰਾਊਂਡ, ਪਿੰਡ ਦੁਰਗਾਪੁਰ ਵਿਖੇ ਰੀਟੇਨਿੰਗ ਵਾਲ ਫਾਰ ਵਾਟਰ ਪਾਉਂਡ ਅਤੇ ਵਾਰਡ ਨੰਬਰ 1 ਵਿੱਚ ਕਮਿਊਨਿਟੀ ਹਾਲ ਦੇ ਮੁਕੰਮਲ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਲ 33 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਜਿੰਨ੍ਹਾਂ ਪਿੰਡਾਂ ਵਿੱਚ ਗ੍ਰਾਂਟ ਦਿੱਤੀ ਸੀ ਅੱਜ ਉਨ੍ਹਾਂ ਦੇ ਪਿੰਡਾਂ ਵਿੱਚ ਕੀਤੀਆਂ ਗਈਆਂ ਉਸਾਰੀਆਂ ਨੂੰ ਲੋਕ ਅਰਪਨ ਕੀਤਾ ਗਿਆ



ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਉਹ ਲੋਕਾਂ ਦੀ ਭਲਾਈ ਲਈ ਹਮੇਸ਼ਾਂ ਕੰਮ ਕਰਦੇ ਰਹਿਣਗੇ ਅਤੇ ਉਨ੍ਹਾਂ ਦੀ ਮੁੱਖ ਤਰਜੀਹ ਹੈ ਕਿ ਉਹ ਪਿੰਡਾਂ ਨੂੰ ਸ਼ਹਿਰ ਵਾਲੀਆਂ ਸਾਰੀਆਂ ਸੁਵਿਧਾਵਾਂ ਉਪਲਬੱਧ ਕਰਵਾਉਣ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵਲੋਂ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਓਪਨ ਜਿੰਮ ਬਣ ਨਾਲ ਉੱਥੋਂ ਦੇ ਨੌਜਵਾਨ ਖੇਡਾਂ ਨਾਲ ਜੁੜਣਗੇ ਅਤੇ ਕਮਿਊਨਿਟੀ ਹਾਲ ਦੇ ਬਣਨ ਨਾਲ ਪਿੰਡ ਵਾਸੀਆਂ ਨੂੰ ਸਮਾਜਿਕ ਤੇ ਸੱਭਿਆਚਾਰਕ ਸਮਾਗਮਾਂ ਲਈ ਢੁੱਕਵੀਂ ਥਾਂ ਮਿਲੀ ਹੈ, ਜਦਕਿ ਸ਼ਮਸ਼ਾਨਘਾਟ ਦੀ ਸ਼ੈੱਡ ਬਣਨ ਅਤੇ ਹੋਰ ਕੰਮ ਨਾਲ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ। ਇਸ ਮੌਕੇ ਸਰਪੰਚ, ਪੰਚਾਇਤ ਮੈਂਬਰ, ਬੀਡੀਪੀਓ, ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡ ਵਾਸੀ ਹਾਜ਼ਰ ਸਨ।


# ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਅਤੇ ਖਰਚਾ ਘਟਾਉਣ ਲਈ ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਬੇਹਤਰ ਵਿਕਲਪ:- ਡਾ. ਲੇਖ ਰਾਜ ਮਾਹੀ

**ਨਵਾਂਸ਼ਹਿਰ, 2 ਮਈ(ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵਲੋਂ ਚਲਾਏ ਗਏ ਪਾਣੀ ਬਚਾਓ ਪੰਜਾਬ ਬਚਾਓ ਅਭਿਆਨ ਤਹਿਤ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਖੇਤੀਬਾੜੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਡਾ. ਲੇਖ ਰਾਜ ਮਾਹੀ ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਉਤਸ਼ਾਹਿਤ ਕਰਨ ਲਈ ਪਿਛਲੇ ਸਾਲ ਦੇ ਤਰਜ਼ ਤੇ ਇਸ ਸਾਲ ਵੀ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਸਨਮਾਨ ਰਾਸ਼ੀ ਵਿਭਾਗ ਦੇ ਪੋਰਟਲ https://agirmacihnerypb.com ਰਾਹੀਂ ਮੁਹੱਈਆ ਕਰਵਾਈ




ਜਾਵੇਗੀ । ਉਹਨਾਂ ਵੱਲੋਂ ਦੱਸਿਆ ਗਿਆ ਕਿ ਕਿਸਾਨ 1 ਮਈ 2026 ਤੋਂ 15 ਜੂਨ 2026 ਤੱਕ ਇਸ ਸਕੀਮ ਅਧੀਨ ਅਪਲਾਈ ਕਰ ਸਕਦੇ ਹਨ।ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਝੋਨੇ ਦੀ ਸਿੱਧੀ ਬਿਜ਼ਾਈ ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਵੱਲੋਂ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਜੋ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਣਾ ਰਹੇ ਹਨ ਉਹ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕਾਂ ਵਿੱਚ ਸੰਪਰਕ ਕਰਕੇ ਆਪਣੇ ਆਪ ਨੂੰ ਪੋਰਟਲ ਤੇ ਰਜਿਸਟਰ ਜ਼ਰੂਰ ਕਰਵਾਉਣ .ਜਿਸ ਨਾਲ ਉਨ੍ਹਾਂ ਨੂੰ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਵਲੋਂ ਦੱਸਿਆ ਗਿਆ ਕਿ ਪਿਛਲੇ ਸਾਲ ਜ਼ਿਲ੍ਹੇ ਵਿੱਚ 48 ਕਿਸਾਨਾਂ ਵਲੋਂ 338.61 ਏਕੜ ਦੇ ਰਕਬੇ ਵਿੱਚ ਸਫਲਤਾ ਪੂਰਵਕ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਅਪਣਾਇਆ ਗਿਆ ਅਤੇ 1500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 5,07,915 ਰੁਪਏ ਦੀ ਰਾਸ਼ੀ ਕਿਸਾਨਾਂ ਨੂੰ ਪੋਰਟਲ ਰਾਹੀਂ ਉਨ੍ਹਾਂ ਦੇ ਖਾਤੀਆਂ ਵਿੱਚ ਮੁਹੱਈਆ ਕਰਵਾਈ ਗਈ। ਉਨ੍ਹਾਂ ਨੇ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਣਾਉਣ ਅਤੇ ਝੋਨੇ ਦੀ ਸਿੱਧੀ ਬਿਜ਼ਾਈ ਸਬੰਧੀ ਆਪਣੇ ਸਬੰਧਤ ਬਲਾਕ ਖੇਤੀਬਾੜੀ ਅਫਸਰ ਨਾਲ ਸੰਪਰਕ ਕਰਨ।

# ਡਾਕਟਰ ਵਰਿਆਮ ਸਿੰਘ ਸੰਧੂ: ਸ਼ਬਦਾਂ ਦੀ ਸਾਧਨਾ ਵਿੱਚ ਰਮਿਆ ਇਕ ਰੂਹਾਨੀ ਸਫ਼ਰ— ਡਾ. ਅਮਰਜੀਤ ਟਾਂਡਾ






ਸਾਹਿਤ ਦੇ ਵਿਸ਼ਾਲ ਅਕਾਸ਼ ਵਿੱਚ ਕੁਝ ਨਾਂ ਉਹ ਵੀ ਹੁੰਦੇ ਹਨ ਜੋ ਸਿਰਫ਼ ਲਿਖਦੇ ਨਹੀਂ—ਉਹ ਇਕ ਅੰਦਰੂਨੀ ਅਵਾਜ਼ ਨੂੰ ਜਨਮ ਦਿੰਦੇ ਹਨ। ਉਹ ਚੁੱਪੀਆਂ ਨੂੰ ਬੋਲਣਾ ਸਿਖਾਉਂਦੇ ਹਨ, ਅਤੇ ਬੋਲੀਆਂ ਨੂੰ ਰੂਹ ਦੀ ਆਵਾਜ਼ ਬਣਾ ਦੇਂਦੇ ਹਨ।ਉਹ ਲਫ਼ਜ਼ਾਂ ਨੂੰ ਕਾਗਜ਼ 'ਤੇ ਨਹੀਂ ਉਤਾਰਦੇ, ਸਗੋਂ ਰੂਹ ਦੇ ਅੰਦਰੋਂ ਉੱਭਰਦੀ ਅਗਨਿ ਨੂੰ ਸ਼ਬਦਾਂ ਦੀ ਰੂਪ-ਰੇਖਾ ਦਿੰਦੇ ਹਨ। ਡਾਕਟਰ ਵਰਿਆਮ ਸਿੰਘ ਸੰਧੂ ਵੀ ਉਹੀ ਰਚਨਾਕਾਰ ਹਨ ਜਿਨ੍ਹਾਂ ਲਈ ਲਿਖਣਾ ਕੋਈ ਪੇਸ਼ਾ ਨਹੀਂ, ਸਾਧਨਾ ਹੈ; ਕੋਈ ਪ੍ਰਗਟਾਵਾ ਨਹੀਂ, ਇਕ ਅੰਦਰੂਨੀ ਯਾਤਰਾ ਹੈ।

ਉਨ੍ਹਾਂ ਦੀ ਰਚਨਾ ਵਿੱਚ ਸਿਰਫ਼ ਵਿਚਾਰ ਨਹੀਂ, ਇਕ ਜਗਦੀ ਹੋਈ ਸੰਵੇਦਨਾ ਹੈ—ਜੋ ਸਮੇਂ ਦੀਆਂ ਖਾਮੋਸ਼ੀਆਂ ਨੂੰ ਭੇਦਦੀ ਹੈ। ਉਹ ਜਦੋਂ ਲਿਖਦੇ ਹਨ ਤਾਂ ਲੱਗਦਾ ਹੈ ਜਿਵੇਂ ਸ਼ਬਦ ਕਿਸੇ ਮੰਦਰ ਦੇ ਘੰਟੇ ਵਾਂਗ ਗੂੰਜ ਰਹੇ ਹੋਣ—ਹੌਲੀ, ਗੰਭੀਰ ਤੇ ਆਤਮਕ ਤਰੰਗਾਂ ਨਾਲ ਭਰੇ ਹੋਏ।

ਉਨ੍ਹਾਂ ਦੀ ਕਲਮ ਵਿਚੋਂ ਨਿਕਲਦੇ ਅੱਖਰ ਸਿਰਫ਼ ਕਹਾਣੀਆਂ ਨਹੀਂ ਸੁਣਾਉਂਦੇ, ਉਹ ਮਨੁੱਖੀ ਅਸਤੀਤਵ ਦੀਆਂ ਗਹਿਰਾਈਆਂ ਨੂੰ ਛੂੰਹਦੇ ਹਨ।

ਡਾਕਟਰ ਸੰਧੂ ਦੀ ਸਾਹਿਤਕ ਯਾਤਰਾ ਇਕ ਲਕੀਰ ਵਾਂਗ ਸਿਧੀ ਨਹੀਂ, ਸਗੋਂ ਦਰਿਆ ਵਾਂਗ ਹੈ—ਮੋੜਾਂ ਨਾਲ ਭਰੀ, ਕਦੇ ਸ਼ਾਂਤ, ਕਦੇ ਉਫਾਨੀ, ਪਰ ਹਮੇਸ਼ਾਂ ਜੀਵਨਦਾਇਨੀ। ਉਹ ਸਮਾਜ ਦੇ ਅੰਦਰ ਵਸਦੇ ਦਰਦ, ਵਿਸ਼ਮਤਾਵਾਂ ਅਤੇ ਅਸਮਾਨਤਾਵਾਂ ਨੂੰ ਸਿਰਫ਼ ਦਰਸਾਉਂਦੇ ਨਹੀਂ, ਸਗੋਂ ਉਨ੍ਹਾਂ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਲਫ਼ਜ਼ਾਂ ਵਿੱਚ ਇਕ ਅਜਿਹੀ ਤਾਕਤ ਹੈ ਜੋ ਪਾਠਕ ਨੂੰ ਅੰਦਰੋਂ ਹਿਲਾ ਦਿੰਦੀ ਹੈ—ਉਹ ਸਿਰਫ਼ ਪੜ੍ਹਨ ਲਈ ਨਹੀਂ, ਜਿਊਣ ਲਈ ਲਿਖਦੇ ਹਨ।

ਉਨ੍ਹਾਂ ਦੀ ਰਚਨਾ ਵਿੱਚ ਰੂਹਾਨੀਅਤ ਕੋਈ ਵੱਖਰੀ ਧਾਰਾ ਨਹੀਂ, ਸਗੋਂ ਹਰ ਅੱਖਰ ਵਿੱਚ ਵਗਦੀ ਇਕ ਲੁਕਵੀਂ ਨਦੀ ਹੈ। ਉਹ ਧਰਮ ਦੀ ਰੂਪ-ਰੇਖਾ ਤੋਂ ਉੱਪਰ ਉੱਠ ਕੇ ਮਨੁੱਖੀ ਅੰਦਰੂਨੀ ਸ਼ਾਂਤੀ ਅਤੇ ਸੱਚ ਦੀ ਖੋਜ ਨੂੰ ਪ੍ਰਗਟਾਉਂਦੇ ਹਨ। ਉਹਨਾਂ ਦੇ ਸ਼ਬਦਾਂ ਵਿੱਚ ਇਕ ਅਜਿਹਾ ਸੰਤੁਲਨ ਹੈ—ਜਿੱਥੇ ਵਿਚਾਰ ਤੇ ਭਾਵਨਾ ਇਕ-ਦੂਜੇ ਨਾਲ ਗੱਲ ਕਰਦੇ ਹਨ।

ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕਿ ਡਾਕਟਰ ਵਰਿਆਮ ਸਿੰਘ ਸੰਧੂ ਦੀ ਲਿਖਤ ਸਮੇਂ ਦੇ ਖਿਲਾਫ਼ ਇਕ ਸੁਚੇਤ ਅਵਾਜ਼ ਹੈ। ਉਹ ਆਪਣੇ ਲਫ਼ਜ਼ਾਂ ਰਾਹੀਂ ਸਵਾਲ ਪੁੱਛਦੇ ਹਨ—ਉਹ ਸਵਾਲ ਜੋ ਅਕਸਰ ਸਮਾਜ ਚੁੱਪੀ ਵਿੱਚ ਦੱਬ ਦਿੰਦਾ ਹੈ। ਉਹ ਸੱਚਾਈ ਨੂੰ ਸਿਰਫ਼ ਦਰਸਾਉਂਦੇ ਨਹੀਂ, ਉਸਨੂੰ ਇਕ ਆਤਮਕ ਦਰਪਣ ਵਾਂਗ ਸਾਡੇ ਸਾਹਮਣੇ ਰੱਖਦੇ ਹਨ।

ਉਨ੍ਹਾਂ ਦੀ ਕਲਮ ਦੀ ਖੂਬਸੂਰਤੀ ਇਹ ਹੈ ਕਿ ਉਹ ਕਦੇ ਵੀ ਅਡੰਬਰ ਨਹੀਂ ਬਣਦੀ। ਉਹ ਸਧਾਰਨਤਾ ਵਿੱਚ ਹੀ ਗਹਿਰਾਈ ਲੱਭਦੇ ਹਨ। ਉਹਨਾਂ ਦੇ ਲਫ਼ਜ਼ਾਂ ਵਿੱਚ ਕੋਈ ਬਣਾਵਟ ਨਹੀਂ, ਇਕ ਸਾਫ਼ਗੋਈ ਹੈ—ਜਿਵੇਂ ਕਿਸੇ ਦਰਦ ਭਰੇ ਦਿਲ ਦੀ ਸਿੱਧੀ ਪੁਕਾਰ ਹੋਵੇ। ਉਹ ਕਹਾਣੀ ਲਿਖਦੇ ਹੋਏ ਵੀ ਦਰਅਸਲ ਮਨੁੱਖ ਦੇ ਅੰਦਰ ਦੀ ਕਹਾਣੀ ਬਿਆਨ ਕਰਦੇ ਹਨ।

ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਯੋਗਦਾਨ ਸਿਰਫ਼ ਰਚਨਾਵਾਂ ਦੀ ਗਿਣਤੀ ਨਾਲ ਨਹੀਂ ਤੋਲਿਆ ਜਾ ਸਕਦਾ। ਉਹਨਾਂ ਦੀ ਅਸਲੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਹਨਾਂ ਨੇ ਲਿਖਤ ਨੂੰ ਇਕ ਨੈਤਿਕ ਅਤੇ ਰੂਹਾਨੀ ਜ਼ਿੰਮੇਵਾਰੀ ਵਾਂਗ ਜੀਆ ਹੈ। ਉਹਨਾਂ ਲਈ ਸ਼ਬਦ ਕੋਈ ਸਾਧਨ ਨਹੀਂ—ਇਕ ਅਮਾਨਤ ਹਨ, ਜਿਨ੍ਹਾਂ ਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਂਦੇ ਹਨ।



ਅੱਜ ਦੇ ਦੌਰ ਵਿੱਚ ਜਿੱਥੇ ਲਿਖਤ ਅਕਸਰ ਤੁਰੰਤ ਪ੍ਰਭਾਵ ਤੇ ਲੋਕਪ੍ਰਿਯਤਾ ਦੀ ਦੌੜ ਵਿੱਚ ਖੋ ਜਾਂਦੀ ਹੈ, ਉੱਥੇ ਡਾਕਟਰ ਸੰਧੂ ਦੀ ਰਚਨਾ ਇਕ ਠੰਡੀ ਛਾਂ ਵਾਂਗ ਲੱਗਦੀ ਹੈ—ਜਿੱਥੇ ਬੈਠ ਕੇ ਪਾਠਕ ਆਪਣੇ ਆਪ ਨਾਲ ਮੁਲਾਕਾਤ ਕਰ ਸਕਦਾ ਹੈ। ਉਹ ਸਾਨੂੰ ਸਿਰਫ਼ ਪੜ੍ਹਨ ਲਈ ਨਹੀਂ ਕਹਿੰਦੇ, ਸਗੋਂ ਸੋਚਣ, ਮਹਿਸੂਸ ਕਰਨ ਅਤੇ ਆਪਣੇ ਅੰਦਰ ਝਾਕਣ ਲਈ ਪ੍ਰੇਰਿਤ ਕਰਦੇ ਹਨ।

ਇਹ ਕਹਿਣਾ ਉਚਿਤ ਹੋਵੇਗਾ ਕਿ ਡਾਕਟਰ ਵਰਿਆਮ ਸਿੰਘ ਸੰਧੂ ਦਾ ਰੂਹਾਨੀ ਸਫ਼ਰ ਅਜੇ ਮੁਕੰਮਲ ਨਹੀਂ ਹੋਇਆ। ਉਹ ਇਕ ਅਜਿਹਾ ਯਾਤਰੀ ਹੈ ਜੋ ਹਰੇਕ ਨਵੇਂ ਸ਼ਬਦ ਨਾਲ ਇਕ ਨਵਾਂ ਰਸਤਾ ਤਲਾਸ਼ਦਾ ਹੈ। ਉਸ ਦੀ ਕਲਮ ਅਜੇ ਵੀ ਚੱਲ ਰਹੀ ਹੈ—ਸੱਚ ਦੀ ਖੋਜ ਵਿੱਚ, ਮਨੁੱਖਤਾ ਦੀ ਪਹਿਚਾਣ ਵਿੱਚ, ਅਤੇ ਰੂਹ ਦੀ ਸ਼ਾਂਤੀ ਲਈ।

ਉਹ ਸਿਰਫ਼ ਲੇਖਕ ਨਹੀਂ—ਇਕ ਸਾਧਕ ਹੈ। ਅਤੇ ਉਸਦੀ ਸਾਧਨਾ ਵਿੱਚੋਂ ਜਨਮ ਲੈਂਦੇ ਸ਼ਬਦ ਸਾਡੀ ਰੂਹ ਨੂੰ ਛੂਹ ਕੇ ਗੁਜ਼ਰ ਜਾਂਦੇ ਹਨ।

# ਅੱਜ ਸਿਆਸਤਦਾਨਾਂ ਦੀ ਬਦਜ਼ੁਬਾਨੀ ਵੋਟਰਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ ਪਰ?

ਪੰਜਾਬ ਵਿਧਾਨ ਸਭਾ ਜਾਂ ਆਮ ਲੋਕਾਂ ਵਿਚਕਾਰ ਰਾਜਨੇਤਾਵਾਂ ਵੱਲੋ ਵਰਤੀ ਜਾਂਦੀ ਸਿਆਸੀ ਭਾਸ਼ਾ ਦਾ ਮਿਆਰ ਡਿੱਗਣਾ ਸਿਰਫ਼ ਨੈਤਿਕ ਪਤਨ ਨਹੀਂ ਸਗੋਂ ਕਾਨੂੰਨੀ ਅਤੇ ਲੋਕਤੰਤਰਕ ਸੰਸਥਾਵਾਂ ਲਈ ਵੀ ਚਿੰਤਾਜਨਕ ਸੰਕੇਤ ਹੈ । ਜਦੋਂ ਰਾਜਨੇਤਾ ਜਨਤਕ ਮੰਚਾਂ 'ਤੇ ਗਾਲੀ-ਗਲੋਚ , ਤੋਹੀਨਜਨਕ ਸ਼ਬਦਾਵਲੀ ਅਤੇ ਵਿਅਕਤੀਗਤ ਹਮਲਿਆਂ ਦਾ ਸਹਾਰਾ ਲੈਂਦੇ ਹਨ ਤਾਂ ਇਹ ਸਿਰਫ਼ ਉਨ੍ਹਾਂ ਦੀ ਸੋਚ ਨੂੰ ਨਹੀਂ ਦਰਸਾਉਂਦਾ ਬਲਕਿ ਸਮਾਜ ਦੇ ਮਾਨਸਿਕ ਪੱਧਰ ਨੂੰ ਵੀ ਪ੍ਰਭਾਵਿਤ ਕਰਦਾ ਹੈ । ਅਫਸੋਸ ਦੀ ਗੱਲ ਇਹ ਹੈ ਕਿ ਅਜਿਹੀ ਭਾਸ਼ਾ ਨੂੰ ਕਈ ਵਾਰ ਲੋਕਪ੍ਰਿਯਤਾ ਮਿਲਦੀ ਹੈ ਜਿਸ ਨਾਲ ਇਹ ਰੁਝਾਨ ਹੋਰ ਵਧਦਾ ਹੈ । ਕਨੂਨੀ ਪੱਖ ਤੋਂ ਵੇਖਿਆ ਜਾਵੇ ਤਾਂ ਭਾਰਤੀ ਦੰਡ ਸੰਹਿਤਾ ਵਿੱਚ ਅਜਿਹੀਆਂ ਕਈ ਧਾਰਾਵਾਂ ਹਨ ਜੋ ਅਪਮਾਨਜਨਕ , ਅਸ਼ਲੀਲ ਜਾਂ ਭੜਕਾਊ ਭਾਸ਼ਾ 'ਤੇ ਰੋਕ ਲਗਾਉਂਦੀਆਂ ਹਨ । ਧਾਰਾ 499 ਅਤੇ 500 ਹੇਠ ਮਾਨਹਾਨੀ ਦੇ ਕੇਸ ਬਣ ਸਕਦੇ ਹਨ , ਜਦੋਂ ਕਿਸੇ ਵਿਅਕਤੀ ਦੀ ਇੱਜ਼ਤ ਨੂੰ ਠੇਸ ਪਹੁੰਚਾਈ ਜਾਵੇ । ਇਸੇ ਤਰ੍ਹਾਂ , ਧਾਰਾ 294 ਅਸ਼ਲੀਲ ਸ਼ਬਦਾਵਲੀ ਦੇ ਜਨਤਕ ਇਸਤੇਮਾਲ ਨੂੰ ਸਜਾਯੋਗ ਮੰਨਦੀ ਹੈ । ਜੇਕਰ ਕੋਈ ਬਿਆਨ ਸਮਾਜਕ ਤਣਾਅ ਜਾਂ ਨਫਰਤ ਨੂੰ ਉਕਸਾਉਂਦਾ ਹੈ ਤਾਂ ਧਾਰਾ 153 ਏ ਵੀ ਲਾਗੂ ਹੋ ਸਕਦੀ ਹੈ । ਇਸ ਲਈ ਇਹ ਕਹਿਣਾ ਗਲਤ ਨਹੀਂ ਕਿ ਬੇਲ-ਗਾਮ ਸਿਆਸੀ ਭਾਸ਼ਾ ਸਿਰਫ਼ ਨੈਤਿਕ ਨਹੀਂ ਕਾਨੂੰਨੀ ਉਲੰਘਣਾ ਵੀ ਬਣ ਸਕਦੀ ਹੈ ।

ਚੋਣ ਕਮਿਸ਼ਨ ਦੇ ਮਾਡਲ ਕੋਡ ਆਫ ਕੰਡਕਟ ਅਨੁਸਾਰ ਵੀ ਉਮੀਦਵਾਰਾਂ ਨੂੰ ਸ਼ਾਲੀਨ ਅਤੇ ਸੰਯਮਿਤ ਭਾਸ਼ਾ ਵਰਤਣ ਦੀ ਹਦਾਇਤ ਦਿੱਤੀ ਜਾਂਦੀ ਹੈ । ਫਿਰ ਵੀ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਚੋਣੀ ਰੈਲੀਆਂ ਵਿੱਚ ਨਿਜੀ ਇਲਜ਼ਾਮਾਂ , ਤਿੱਖੇ ਤਾਨੇ ਅਤੇ ਘਟੀਆ ਸ਼ਬਦਾਂ ਦੀ ਵਰਖਾ ਹੁੰਦੀ ਹੈ । ਇਸਦੀ ਇੱਕ ਵੱਡੀ ਵਜ੍ਹਾ ਕਾਨੂੰਨਾਂ ਦੀ ਕਮਜ਼ੋਰ ਕੜੀ ਅਤੇ ਲੰਬੇ ਚੱਲਣ ਵਾਲੀਆਂ ਨਿਆਂ ਪ੍ਰਕਿਰਿਆਵਾਂ ਹਨ ਜਿਸ ਕਾਰਨ ਦੋਸ਼ੀਆਂ ਨੂੰ ਤੁਰੰਤ ਸਜ਼ਾ ਨਹੀਂ ਮਿਲਦੀ ।

ਇਸ ਮਸਲੇ ਦਾ ਦੂਜਾ ਪੱਖ ਅਵਾਮ ਨਾਲ ਵੀ ਜੁੜਿਆ ਹੈ । ਜੇਕਰ ਵੋਟਰ ਖੁਦ ਅਜਿਹੀ ਭਾਸ਼ਾ ਨੂੰ ਮਨੋਰੰਜਨ ਜਾਂ "ਸਿੱਧੀ ਗੱਲ" ਸਮਝ ਕੇ ਸਵੀਕਾਰ ਕਰ ਲੈਂਦਾ ਹੈ ਤਾਂ ਰਾਜਨੇਤਾ ਵੀ ਇਹੀ ਰਵੱਈਆ ਅਪਨਾਉਂਦੇ ਹਨ । ਲੋਕਤੰਤਰ ਵਿੱਚ ਆਖਰੀ ਫੈਸਲਾ ਜਨਤਾ ਦਾ ਹੁੰਦਾ ਹੈ । ਇਸ ਲਈ ਜਨਤਾ ਦੀ ਪਸੰਦ ਸਿਆਸਤ ਦੀ ਦਿਸ਼ਾ ਨਿਰਧਾਰਤ ਕਰਦੀ ਹੈ ।

ਸਮੇਂ ਦੀ ਲੋੜ ਹੈ ਕਿ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਅੰਤ ਵਿੱਚ ਸਿਆਸਤ ਸਿਰਫ਼ ਸੱਤਾ ਹਾਸਲ ਕਰਨ ਦਾ ਸਾਧਨ ਨਹੀਂ, ਸਗੋਂ ਸਮਾਜ ਨੂੰ ਦਿਸ਼ਾ ਦੇਣ ਵਾਲਾ ਮੰਚ ਹੈ । ਜੇ ਇਸ ਮੰਚ ਦੀ ਭਾਸ਼ਾ ਹੀ ਗਿਰਦੀ ਜਾਵੇਗੀ ਤਾਂ ਲੋਕਤੰਤਰ ਦੀ ਗੁਣਵੱਤਾ ਵੀ ਲਾਜ਼ਮੀ ਤੌਰ 'ਤੇ ਪ੍ਰਭਾਵਿਤ ਹੋਵੇਗੀ । ਇਹ ਵੀ ਹੈ ਕਿ ਅੱਜ ਸਿਆਸਤਦਾਨਾਂ ਦੀ ਬਦਜ਼ੁਬਾਨੀ ਵੋਟਰਾਂ ਦੀ ਪਹਿਲੀ ਪਸੰਦ ਬਣ ਚੁੱਕੀ ਹੈ ਪਰ ਇਹਦੇ ਗੰਭੀਰ ਸਿੱਟੇ ਵੀ ਨਿਕਲਦੇ ਦੇਖੇ ਜਾ ਰਹੇ ਹਨ ?



**ਪੱਤਰਕਾਰ ਬਲਦੇਵ ਸਿੰਘ ਜਨੂਹਾ , ਮੋਬਾ ਨੰ :- 98148 24215**

# ਸੜਕਾਂ ਦੇ ਕੰਮ ਦੀ ਨਿਗਰਾਨੀ ਤੇ ਜ਼ੋਰ, ਖਾਮੀਆਂ 'ਤੇ ਕਾਰਵਾਈ ਦੀ ਚੇਤਾਵਨੀ

**ਉਭਾਵਾਲ/ਸੰਗਰੂਰ 2 ਮਈ ( ਬਲਦੇਵ ਸਿੰਘ ਜਨੂਹਾ ):-** ਪਿੰਡ ਉਭਾਵਾਲ ਵਿੱਚ ਸੜਕਾਂ 'ਤੇ ਪ੍ਰੀਮਿਕਸ ਪਾਉਣ ਦੇ ਚੱਲ ਰਹੇ ਕੰਮਾਂ ਦੀ ਸਰਪੰਚ ਮੋਤਾ ਸਿੰਘ ਢੀਂਡਸਾ ਵੱਲੋਂ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ । ਉਹਨਾਂ ਸਪਸ਼ਟ ਕੀਤਾ ਕਿ ਜਿਹੜੀ ਵੀ ਸੜਕ 'ਤੇ ਕੰਮ ਨਿਰਧਾਰਤ ਸ਼ਰਤਾਂ ਤੇ ਮਿਆਰੀ ਨਹੀਂ ਹੋਵੇਗਾ , ਉਸ ਸੰਬੰਧੀ ਠੇਕੇਦਾਰ ਦੇ ਖ਼ਿਲਾਫ਼ ਨੋਟਿਸ ਜਾਰੀ ਕਰਵਾਇਆ ਜਾਵੇਗਾ ਤੇ ਅਦਾਇਗੀ ਰੋਕੀ ਜਾਵੇਗੀ ।

ਉਨ੍ਹਾਂ ਦੱਸਿਆ ਕਿ ਉਭਾਵਾਲ ਤੋਂ ਲੌਂਗੋਵਾਲ ਜਾਣ ਵਾਲੀ ਸੜਕ 'ਤੇ ਪ੍ਰੀਮਿਕਸ ਦਾ ਕੰਮ ਢੰਗ ਨਾਲ ਨਾ ਹੋਣ ਕਾਰਨ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਸ਼ਿਕਾਇਤ ਦਰਜ ਕਰਵਾਈ ਗਈ ਹੈ। ਇਸਦੇ ਉਲਟ, ਉਭਾਵਾਲ ਤੋਂ ਚੱਠੇ ਸੇਖਵਾਂ ਵਾਲੀ ਸੜਕ ਦਾ ਕੰਮ ਸੰਤੋਸ਼ਜਨਕ ਪਾਇਆ ਗਿਆ ਹੈ । ਇਸੇ ਤਰ੍ਹਾਂ ਪਿੰਡ ਦੀ ਫਿਰਨੀ ਰੋਡ 'ਤੇ 18 ਫੁੱਟ ਚੌੜਾਈ ਅਨੁਸਾਰ ਪ੍ਰੀਮਿਕਸ



ਪਾਉਣ ਦੀ ਯੋਜਨਾ ਸੀ ਪਰ ਠੇਕੇਦਾਰ ਵੱਲੋਂ ਪੁਰਾਣੀ ਸੜਕ ਦੇ ਅਨੁਸਾਰ ਕੰਮ ਕੀਤਾ ਜਾ ਰਿਹਾ ਸੀ । ਮੌਕੇ 'ਤੇ ਪਹੁੰਚ ਕੇ ਸਰਪੰਚ ਨੇ ਸਬੰਧਤ ਅਧਿਕਾਰੀਆਂ ਨੂੰ ਬੁਲਾਇਆ ਅਤੇ 18 ਫੁੱਟ ਚੌੜੀ ਸੜਕ ਤਿਆਰ ਕਰਨ ਲਈ ਆਦੇਸ਼ ਜਾਰੀ ਕਰਵਾਏ । ਇਸ ਤੋਂ ਇਲਾਵਾ ਉਭਾਵਾਲ ਤੋਂ ਚੱਠੇ ਸੇਖਵਾਂ ਵੱਲ ਜਾਣ ਵਾਲੀ ਸੜਕ 'ਤੇ ਨਜਾਇਜ਼ ਕਬਜ਼ੇ ਹਟਾ ਕੇ ਲਗਭਗ 3.5 ਫੁੱਟ ਜਗ੍ਹਾ ਖਾਲੀ ਕਰਵਾਈ ਗਈ ਹੈ । ਸਰਪੰਚ ਢੀਂਡਸਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਲਈ ਵਚਨਬੱਧ ਹਨ ਅਤੇ ਪਿੰਡ ਦੇ ਵਿਕਾਸ ਲਈ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ।

# ਅਧਿਆਪਕ ਵਿਚਾਰਾ ਕੀ ਕਰੇ !

ਜਿਹੜਾ ਵਿਅਕਤੀ ਕਿਸੇ ਵੇਲੇ ਸਭ ਤੋਂ ਵੱਧ ਮਾਣ ਸਨਮਾਨ ਦਾ ਹੱਕ ਦਾਰ ਹੁੰਦਾ ਸੀ, ਉਹ ਅੱਜ ਦੇ ਦੌਰ ਵਿੱਚ ਕੱਖੋਂ ਹੌਲਾ ਹੋ ਕੇ ਰਹਿ ਗਿਆ ਹੈ। ਇਤਿਹਾਸ ਅਤੇ ਮਿਥਿਹਾਸ ਇਸ ਗੱਲ ਦੇ ਗਵਾਹ ਹਨ। ਅੱਜ ਦੇ ਹਾਈ-ਫਾਈ ਦੌਰ ਵਿੱਚ ਇਸ ਵਿਅਕਤੀ ਵਾਰੇ ਤਰਾਂ ਤਰਾਂ ਦੇ ਚੁਟਕਲੇ ਘੜੇ ਹੋਏ ਹਨ ਜਿਹਨਾਂ ਨੂੰ ਸਭ ਜਾਣਦੇ ਹਨ। ਇਸ ਲਈ ਦੱਸਣ ਦੀ ਲੋੜ ਨਹੀਂ ਹੈ । ਅਜੇ ਵੀ ਇਸ ਨੂੰ ਕੌਮ ਦੇ ਨਿਰਮਾਤਾ ਵਜੋਂ ਯਾਦ ਕੀਤਾ ਜਾਂਦਾ ਹੈ। ਪੰਜ ਸਤੰਬਰ (ਅਧਿਆਪਕ ਦਿਵਸ) ਨੂੰ ਵੱਡੇ-ਵੱਡੇ ਅਡੰਬਰ ਕੀਤੇ ਜਾਂਦੇ ਹਨ। ਸਾਡੇ ਸਮਾਜ ਦੀ ਇਹ ਤ੍ਰਾਸਦੀ ਬਣ ਗਈ ਹੈ ਕਿ ਦਾਦਾਗਿਰੀ ਕਮਜ਼ੋਰ ਵਿਅਕਤੀ ਉੱਤੇ ਹੀ ਚਲਦੀ ਹੈ, ਤਕੜੇ ਵੱਲ ਕੋਈ ਮੂੰਹ ਵੀ ਨਹੀ ਕਰਦਾ। ਸਕੂਲ ਜਾਂ ਕਾਲਜ ਵਿਚ ਜਦੋਂ ਵੀ ਕੋਈ ਵਿਵਾਦਿਤ ਮਸਲਾ ਸਾਹਮਣੇ ਆਉਂਦਾ ਹੈ ਤਾਂ ਕੌਮ ਦਾ ਇਹ ਨਿਰਮਾਤਾ ਕੱਲਮ-ਕੱਲਾ ਰਹਿ ਜਾਂਦਾ ਹੈ। ਉਸ ਦਾ ਪੱਖ ਵੀ ਸੁਣਨ ਯੋਗ ਨਹੀ ਮੰਨਿਆ ਜਾਂਦਾ। ਇਸ ਹਾਲਤ ਵਿੱਚ ਉਸ ਦੀ ਜਿਸਮਾਨੀ ਭਾਸ਼ਾ ਤਰਸ ਦੀ ਮੂਰਤ ਬਣੀ ਹੁੰਦੀ ਹੈ। ਜਿਹਨਾਂ ਨੇ ਕਦੇ ਸਕੂਲ ਦਾ ਮੂੰਹ ਨਹੀ ਦੇਖਿਆ ਹੁੰਦਾ ਉਹ ਅਧਿਆਪਕਾਂ ਨਾਲ ਮੁਜਰਮਾਂ ਵਾਲਾ ਵਿਵਹਾਰ ਕਰਨ ਲਈ ਟੋਲੀਆਂ ਬੰਨ੍ਹ ਕੇ ਆ ਜਾਂਦੇ ਹਨ। ਮਾਸੂਮ ਬੱਚਿਆਂ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਸਮਾਜ ਦੇ ਠੇਕੇਦਾਰ ਬਣ ਜਾਂਦੇ ਹਨ। ਅਕਸਰ ਬਹੁਤੇ ਕੇਸਾਂ ਵਿੱਚ ਉਸ ਨੂੰ ਮੁਆਫ਼ੀ ਮੰਗ ਕੇ ਖਹਿੜਾ ਛੁਡਾਉਣਾ ਪੈਂਦਾ ਹੈ। ਫੇਰ ਵੀ ਉਹ ਆਪਣੇ ਵਿਦਿਆਰਥੀਆਂ ਦਾ ਕਦੇ ਬੁਰਾ ਨਹੀ ਸੋਚਦਾ। ਮਾਪਿਆਂ ਤੋਂ ਬਾਅਦ ਅਧਿਆਪਕ ਹੀ ਹੁੰਦਾ ਹੈ ਜੋ ਬੱਚਿਆਂ ਦੀ ਸਫਲਤਾ ਉੱਤੇ ਮਨੋਂ ਖੁਸ਼ ਹੁੰਦਾ ਹੈ। ਅੱਜ ਦੇ ਸਮੇ ਕੋਈ ਕਿਸੇ ਦੀ ਸਫਲਤਾ 'ਤੇ ਖੁਸ਼ ਨਹੀ ਹੁੰਦਾ ਲੇਕਿਨ ਇੱਕ ਅਧਿਆਪਕ ਹੀ ਹੈ ਜੋ ਚਾਹੁੰਦਾ ਹੈ ਕਿ ਉਸ ਦੇ ਪੜ੍ਹਾਏ ਵਿਦਿਆਰਥੀ ਉਸ ਨਾਲੋਂ ਉੱਚਾ ਮੁਕਾਮ ਹਾਸਲ ਕਰਨ। ਭੀੜ ਅੱਗੇ ਉਸ ਦਾ ਕੋਈ ਜ਼ੋਰ ਨਹੀ ਚਲਦਾ। ਬੇਬਸੀ ਦੀ ਚੋਟ ਉਸ ਦੇ ਦਿਲ ਤੇ ਲੱਗ ਜਾਂਦੀ ਹੈ ਅਤੇ ਉਹ ਉਤਸ਼ਾਹ ਹੀਣ ਹੋ ਜਾਂਦਾ ਹੈ। ਇਸ ਸਮੇ ਉਸ ਦੇ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਮਨ ਤੇ ਕੀ ਬੀਤਦੀ ਹੈ ਉਸ ਨੂੰ ਉਹੀ ਜਾਣਦੇ ਹਨ। ਸਮਾਜ ਦੇ ਹਰ ਵਰਗ ਵਿੱਚ ਜਿਵੇਂ ਕਾਲੀਆਂ ਭੇਡਾਂ ਹੁੰਦੀਆਂ ਹਨ ਉਹ ਅਧਿਆਪਕ ਵਰਗ ਵਿੱਚ ਵੀ ਹੋ ਸਕਦੀਆਂ ਹਨ। ਲੇਕਿਨ ਉਹਨਾਂ ਦੀ ਆੜ ਵਿੱਚ ਅਧਿਆਪਕਾਂ ਨੂੰ ਜਲੀਲ ਕਰਨਾ ਆਪਣੇ ਭਵਿੱਖ ਦੇ ਪੈਰ ਉੱਤੇ ਖੁਦ ਕੁਹਾੜੀ ਮਾਰਨ ਦੇ ਬਰਾਬਰ ਹੈ। ਇਸ ਦਾ ਖਮਿਆਜਾ ਦੇਰ ਸਵੇਰ ਸਾਡੇ ਸਮਾਜ ਨੂੰ ਹੀ ਭੁਗਤਣਾ ਪਵੇਗਾ। ਕੋਈ ਵਕਤ ਸੀ ਕਿ ਅਧਿਆਪਕ ਆਪਣੇ ਵਿਦਿਰਥੀਆਂ ਦੇ ਪਰਿਵਾਰ ਦਾ ਅਦਿੱਖ ਮੈਂਬਰ ਅਤੇ ਮਾਰਗਦਰਸ਼ਕ ਹੁੰਦਾ ਸੀ ਲੇਕਿਨ ਆਧੁਨਿਕਤਾ ਅਤੇ ਕੱਟੜਵਾਦ ਦੀ ਆੜ ਹੇਠ ਇਸ ਪਵਿੱਤਰ ਕਲਚਰਲ ਸਬੰਧ ਨੂੰ ਤੋੜ ਦਿੱਤਾ ਗਿਆ ਹੈ। ਗੁਰੂ ਚੇਲੇ ਵਾਲੀ ਪਰੰਪਰਾ ਵਿੱਚ ਬੇਭਰੋਸਗੀ ਦੀ ਕਾਂਜੀ ਘੋਲ ਦਿੱਤੀ ਗਈ ਹੈ। ਅਧਿਆਪਕ ਨੂੰ ਆਪਣੇ ਰਹਿਮੋ ਕਰਮ ਤੇ ਛੱਡ ਦਿੱਤਾ ਗਿਆ ਹੈ। ਅਜੇ ਵੀ ਆਸ ਦੀ ਕਿਰਨ ਇਸ ਲਈ ਬਾਕੀ ਹੈ ਕਿ ਅਨੇਕਾਂ ਮਾਪੇ ਅਤੇ ਵਿਦਿਆਰਥੀ, ਅਧਿਆਪਕ ਦਾ ਉਸੇ ਤਰਾਂ ਸਨਮਾਨ ਕਰਦੇ ਹਨ ਜਿਸ ਤਰਾਂ ਉਹ ਪਹਿਲਾਂ ਕਰਦੇ ਸਨ। ਮਾਲ, ਪੁਲਿਸ, ਇਨਕਮ ਟੈਕਸ ਵਰਗੇ ਹੋਰ ਵੀ ਦਬੰਗ ਵਿਭਾਗ ਹਨ ਜਿਹਨਾਂ ਦੇ ਛੋਟੇ ਵੱਡੇ ਮੁਲਜ਼ਮਾਂ ਨੂੰ ਸਾਡਾ ਸਮਾਜ ਦਿਨ ਰਾਤ ਹੱਥੀਂ ਛਾਵਾਂ ਕਰਦਾ ਹੈ। ਉਹਨਾਂ ਅੱਗੇ ਕੁਸਕਣਾ ਤਾਂ ਇੱਕ ਪਾਸੇ ਸਗੋਂ ਉਹਨਾਂ ਨੂੰ ਦਾਨ ਦਖ਼ਸ਼ਣਾ ਦਿੱਤੀ ਜਾਂਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਜਿਹਨਾਂ ਨੇ ਸਾਡੇ ਬੱਚਿਆਂ ਦੀ ਮਾਨਸਿਕਤਾ ਨੂੰ ਉਸਾਰੂ ਬਣਾਉਣਾ ਹੈ ਉਸ ਮਗਰ ਅਸੀਂ ਇਸ ਤਰਾਂ ਪੈ ਜਾਂਦੇ ਹਾਂ, ਜਿਵੇਂ ਉਹ ਸਭ ਤੋਂ ਵੱਡਾ ਗੁਨਾਹਗਾਰ ਹੁੰਦਾ ਹੋਵੇ। ਜਿਸ ਦਿਨ ਅਧਿਆਪਕ, ਵਿਦਿਆਰਥੀ ਅਤੇ ਮਾਪਿਆਂ ਦਰਮਿਆਨ ਸਬੰਧ ਖਤਮ ਹੋ ਗਏ ਉਹ ਦਿਨ ਸਾਡੇ ਸਮਾਜ ਦਾ ਕਾਲਾ ਸਿਆਹ ਦਿਨ ਹੋਵੇਗਾ। ਇਹ ਸਤਰਾਂ ਲਿਖਦਿਆਂ ਰੂਸੀ ਲੇਖਕ ਐਤਮਾਤੋਵ ਦੀ ਨਿੱਕੀ ਜਿਹੀ ਕਾਇਦਾ ਨੁਮਾ ਕਿਤਾਬ 'ਪਹਿਲਾ ਅਧਿਆਪਕ' ਯਾਦ ਆ ਗਈ। ਸਮਾਂ ਮਿਲਿਆ ਤਾਂ ਜਰੂਰ ਪੜ੍ਹਿਓ।



**ਹਰਜਿੰਦਰ ਸਿੰਘ ਗੁਲਪੁਰ**
**79-73501892**

# ਵਿਚੋਲਗਿਰੀ ਤੇ ਕਿੱਲੇ ਦਾ ਜ਼ੋਰ

"ਕਰਤਾਰ ਤੂ ਮੇਰੀ ਬੜੀ ਬੈਣ ਹੈ। ਔਰ ਯੇ ਮਹਾਰਾ ਜੀਜਾ ਹੈ। ਮੈਂ ਤੇਰੇ ਜੋ ਆਪਣੀ ਸਕੀ ਬੈਣ ਸੇ ਜਿਆਦਾ ਮਾਨਤਾ ਹੂੰ।" ਬੱਸ ਪਹਿਲਾ ਹਾੜਾ ਲਾਉਣ ਤੋਂ ਬਾਅਦ ਗੁਰਬਚਨ ਭੋੜੀਏ ਵਾਲਾ ਲੀਹ ਤੋਂ ਉਤਰ ਜਾਂਦਾ। ਕਿਉਂਕਿ ਉਹ ਪੀਂਦਾ ਜਰੂਰ ਸੀ ਪਰ ਉਸਦਾ ਮਾਜਣਾ ਘੱਟ ਹੀ ਸੀ। ਫਿਰ ਜੇ ਦਾਰੂ ਰੁੜੀ ਮਾਰਕਾ ਹੁੰਦੀ ਤਾਂ ਇਹ ਸਮਝੋ ਅਣ ਕੰਟ੍ਰੋਲ ਹੀ ਹੋ ਜਾਂਦਾ। ਗੁਰਬਚਨ ਭਾਵੇਂ ਓਦੋਂ ਫਤੇਹਾਬਾਦ ਰਹਿੰਦਾ ਸੀ ਪ੍ਰੰਤੂ ਉਹਨਾਂ ਦਾ ਅਸਲੀ ਪਿੰਡ ਭੋੜੀਆ ਸੀ। ਉਸ ਨਾਲ ਸਾਡੀ ਕੋਈ ਨਜ਼ਦੀਕੀ ਰਿਸ਼ਤੇਦਾਰੀ ਨਹੀਂ ਸੀ। ਇੱਕ ਤਾਂ ਉਹ ਮੇਰੇ ਵੱਡੇ ਮਾਮਾ ਸ੍ਰੀ ਕੁੰਦਨ ਲਾਲ ਦਾ ਸਾਂਢੂ ਸੀ। ਸਾਡੇ ਮਾਮਾ ਜੀ ਦੀ ਸਾਲੀ ਗੂੰਗੀ ਸੀ। ਦੂਸਰਾ ਗੁਰਬਚਨ ਦਾ ਛੋਟਾ ਭਰਾ ਸੀਤਾ ਰਾਮ ਘੁਮਿਆਰੇ ਮੇਰੇ ਦਾਦਾ ਜੀ ਦੀ ਭੂਆਂ ਰਾਮਪਿਆਰੀ ਨੂੰ ਵਿਆਹਿਆ ਹੋਇਆ ਸੀ। ਸੋ ਸੀਤਾ ਰਾਮ ਦਾ ਸਾਡੇ ਘਰੇ ਆਉਣ ਜਾਣ ਸੀ। ਭੂਆ(ਰਿਸ਼ਤੇ ਅਨੁਸਾਰ ਪਾਪਾ ਜੀ ਦੀ ਭੂਆ) ਰਾਮ ਪਿਆਰੀ ਵੀ ਸਾਡਾ ਵਾਹਵਾ ਮੋਹ ਕਰਦੀ ਸੀ। ਪਾਪਾ ਜੀ ਫਤੇਹਾਬਾਦ ਦੇ ਇਲਾਕੇ ਵਿੱਚ ਪਟਵਾਰੀ ਲੱਗੇ ਹੋਏ ਸਨ। ਇਸੇ ਕਰਕੇ ਗੁਰਬਚਨ ਨਾਲ ਨੇੜਤਾ ਵੱਧ ਗਈ। ਉਂਜ ਵੀ ਉਹ ਸਚਦੇਵ ਹੋਣ ਕਰਕੇ ਮੇਰੀ ਮਾਂ ਨੂੰ ਬੈਣ (ਭੈਣ) ਆਖਦਾ ਸੀ। "ਤੂੰ ਮੇਰਾ ਜੀਜਾ ਹੈ ਤੇ ਮੈਂ ਤੇਰਾ ਸਾਲਾ।" ਉਹ ਸੌਫੀ ਹੁੰਦਾ ਵੀ ਪਾਪਾ ਜੀ ਨੂੰ ਆਖਦਾ। ਫਿਰ ਘੁੱਟ ਲਾਉਣ ਤੋਂ ਬਾਅਦ ਤਾਂ ਆਖਣਾ ਹੀ ਹੋਇਆ। ਫਤੇਹਾਬਾਦ ਦੇ ਨਾਲਦੇ ਇਲਾਕੇ ਦੀ ਬੋਲੀ ਥੋੜੀ ਵੱਖਰੀ ਜਿਹੀ ਹੈ। ਰਾਮ ਪਿਆਰੀ ਦਾ ਭਰਾ ਬਾਬਾ ਆਤਮਾ ਸਿੰਘ ਗਰੋਵਰ ਜੋ ਉਧਰਲੇ ਪਾਸੇ ਹੀ ਵਿਆਹਿਆ ਸੀ ਸ਼ਾਇਦ ਪਿੰਡ ਦਾ ਨਾਮ ਅੱਕਾਂਵਾਲੀ ਸੀ। ਉਹ ਚਾਚੀ ਵੀ ਇੱਦਾਂ ਹੀ ਬੋਲਦੀ ਸੀ। ਜਦੋਂ ਕਦੇ ਪਾਪਾ ਜੀ ਫਤੇਹਾਬਾਦ ਰਾਤ ਰੁੱਕਦੇ ਤਾਂ ਕਿਸੇ ਨਾ ਕਿਸੇ ਨਾਲ ਮਹਿਫ਼ਿਲ ਰੰਗੀਨ ਕਰਨ ਦਾ ਪ੍ਰੋਗਰਾਮ ਬਣਦਾ ਤੇ ਉਹ ਗੁਰਬਚਨ ਨੂੰ ਵੀ ਕੋਲ੍ਹ ਬੁਲਾ ਲੈਂਦੇ। ਕਈ ਵਾਰੀ ਗੁਰਬਚਨ ਜਾਂ ਉਸ ਦਾ ਕੋਈ ਭਰਾ ਪਾਪਾ ਜੀ ਨਾਲ ਮੋਟਰ ਸਾਈਕਲ ਤੇ ਬਹਿਕੇ ਹਾਂਸਪੁਰ ਬੀਰਾਂਬੱਧੀ ਚਲੇ ਜਾਂਦੇ ਕਿਉਂਕਿ ਪਟਵਾਰੀ ਕੋਲ੍ਹ ਦਾਰੂ ਵਾਧੂ ਹੁੰਦੀ ਸੀ। ਉਹਨਾਂ ਪਿੰਡਾਂ ਵਿੱਚ ਤਾਂ ਘਰ ਘਰ ਡਿਸਟਲਰੀਆਂ ਲੱਗੀਆਂ ਹੁੰਦੀਆਂ ਸਨ। ਦਾਰੂ ਪੀਕੇ ਗੁਰਬਚਨ ਆਪਣੀ ਭੈਣ ਦੇ ਵਿਆਹ ਦਾ ਬਹੁਤ ਫਿਕਰ ਕਰਦਾ। ਫਿਰ ਅਚਾਨਕ ਪਾਪਾ ਜੀ ਦੀ ਨਿਗ੍ਹਾ ਵਿੱਚ ਮੇਰੇ ਡੱਬਵਾਲੀ ਵਾਲੇ ਮਾਸੜ ਜੀ ਦੇ ਭਾਣਜੇ ਦਾ ਮੁੰਡਾ ਆ ਗਿਆ। ਬੱਸ ਫਿਰ ਕੀ ਸੀ ਪਾਪਾ ਜੀ ਨੇ ਮੇਰੀ ਮਾਸੀ ਨੂੰ ਆਪਣੇ ਵਿਸ਼ਵਾਸ ਵਿੱਚ ਲਿਆ ਤੇ ਕਾਰਵਾਈ ਸ਼ੁਰੂ ਕਰ ਦਿੱਤੀ। ਮੁੰਡਾ ਕਿਤਾਬਾਂ ਦੀ ਦੁਕਾਨ ਕਰਦਾ ਸੀ ਤੇ ਪਰਿਵਾਰ ਮਾਡਰਨ ਸੀ। ਉਧਰ ਫਤੇਹਾਬਾਦ ਨੂੰ ਪਿਛੜਾ ਇਲਾਕਾ ਮੰਨਿਆ ਜਾਂਦਾ ਸੀ। ਪ੍ਰੰਤੂ ਮਾਸੀ ਤੋਂ ਕੋਈ ਵੀ ਬਾਹਰ ਨਹੀਂ ਸੀ ਤੇ ਮਾਸੀ ਜੀ ਨੂੰ ਪਾਪਾ ਜੀ ਰਾਜੀ ਕਰ ਲਿਆ ਸੀ। ਮਤਲਬ ਕੋਈ ਰਿਸ਼ਤੇਦਾਰ ਮਾਸੀ ਤੋਂ ਤੇ ਮਾਸੀ ਪਾਪਾ ਜੀ ਤੋਂ ਬਾਹਰ ਨਹੀਂ ਸੀ। ਉਦੋਂ ਮੁੰਡੇ ਕੁੜੀ ਦੀ ਮਰਜੀ ਪਸੰਦ ਨਾ। ਪਸੰਦ ਨਹੀਂ ਰਿਸ਼ਤੇ ਰਿਸ਼ਤੇਦਾਰਾਂ ਦੇ ਜੋਰ ਤੇ ਹੁੰਦੇ ਸਨ। ਭੂਆ ਮਾਸੀਆਂ ਆਪਣੀਆਂ ਭਤੀਜਿਆਂ ਭਾਣਜੀਆਂ ਦੇ ਰਿਸ਼ਤੇ ਲੈ ਜਾਂਦੀਆਂ ਸਨ। ਹੁਣ ਜਦੋਂ ਮਾਸੀ ਨੇ ਝੰਡਾ ਚੁੱਕ ਲਿਆ ਤਾਂ ਰਿਸ਼ਤੇ ਵਿੱਚ ਕਿਸੇ ਅੜਚਣ ਆਉਣ ਦਾ ਸਵਾਲ ਹੀ ਨਹੀਂ ਸੀ। ਵਿਆਹ ਹੋ ਗਿਆ। ਪੰਜਾਹ ਸਾਲ ਹੋਗੇ ਕੁੜੀ ਅੱਜ ਵੀ ਘੁੱਗ ਵੱਸਦੀ ਹੈ ਤੇ ਰਾਜ ਕਰਦੀ ਹੈ। ਪਾਪਾ ਜੀ ਨੇ ਆਪਣੇ ਜੀਵਨ ਵਿੱਚ ਪੰਜ ਰਿਸ਼ਤੇ ਕਰਵਾਏ ਤੇ ਸਫ਼ਲ ਰਹੇ। ਮੈਂ ਇੱਕੋ ਹੀ ਕਰਵਾਇਆ ਸੀ। ਚਾਹੇ ਸਫਲ ਵੀ ਰਿਹਾ। ਅੱਜ ਵੀ ਸਭ ਠੀਕ ਚੱਲ ਰਿਹਾ ਹੈ। ਪਰ ਮੇਰੇ ਜ਼ਰੂਰ ਕੰਨਾਂ ਨੂੰ ਹੱਥ ਲੱਗ ਗਏ। ਮੇਰੇ ਅਤੇ ਪਾਪਾ ਜੀ ਵਿੱਚ ਆਹੀ ਫਰਕ ਹੈ।



ਰਮੇਸ਼ ਸੇਠੀ ਬਾਦਲ
9876627233

# ਵਿਅੰਗ: ਸਿਆਸੀ ਚੋਗਾ -ਤੌਬਾ- ਹਾਜ਼ਰ ਹੈ-ਆਪ ਸਾਰਿਆਂ ਦੇ ਲਈ-ਅੱਜ ਦੀ ਮੇਰੀ ਇਹ 'ਸ਼ਬਦ-ਕਰਤੂਤ'

1- ਸਵਾਲ: ਉਹ ਕਿਹੜੀ ਅੱਖ ਹੈ, ਜੋ ਰੋਂਦੀ ਨਹੀਂ ਪਰ ਹੰਝੂ ਵਹਾਉਂਦੀ ਹੈ?

ਜਵਾਬ: ਨੇਤਾ ਦੀ ਅੱਖ।

--

2-ਸਵਾਲ: ਇਹ ਕਿਹਾ ਜਾਂਦਾ ਹੈ ਕਿ ਰਾਜਨੀਤੀ ਬਹੁਤ ਗੰਦੀ ਖੇਡ ਹੈ,ਤਾਂ ਚੰਗੇ ਆਦਮੀ ਇਸ ਵਿੱਚ ਕਿਉਂ ਫਸ ਜਾਂਦੇ ਹਨ?

ਜਵਾਬ: ਤੁਹਾਨੂੰ ਕਿਸ ਨੇ ਕਿਹਾ ਕਿ ਉਹ ਚੰਗੇ ਆਦਮੀ ਹੁੰਦੇ ਹਨ?

--

3-ਸਵਾਲ: ਮੈਂ ਮੱਝ ਦੇ ਅੱਗੇ ਬੀਨ ਵਜਾਉਣਾ ਚਾਹੁੰਦਾ ਹਾਂ, ਮੈਨੂੰ ਕਿਸੇ 'ਵਾਜਬ' ਮੱਝ ਦਾ ਪਤਾ ਦੱਸੋ?

ਜਵਾਬ: ਕਿਸੇ ਵੀ ਸਿਆਸੀ ਨੇਤਾ ਕੋਲ ਜਾਣ ਦੀ ਕੋਸ਼ਿਸ਼ ਕਰੋ, ਉਹ ਤੁਹਾਡੀ (ਵੋਟਰ ਦੀ) ਧੁਨ ਅੱਗੇ ਨੱਚੇਗਾ।

--

4-ਸਵਾਲ: ਇੱਕ ਨੇਤਾ ਜਦੋਂ ਸਟੇਜ 'ਤੇ ਬੋਲ ਰਿਹਾ ਹੁੰਦਾ ਹੈ ਤਾਂ ਉਹ ਕੀ ਸੋਚਦਾ ਹੈ?

ਜਵਾਬ: ਚੰਗਾ ਲੀਡਰ ਬਿਨਾਂ ਸੋਚੇ ਹੀ ਬੋਲਦਾ ਹੈ।

--

5-ਸਵਾਲ: "ਉਹ ਕਿਹੜੇ ਪਤਵੰਤੇ ਹਨ, ਜੋ ਭਾਰਤ ਅਤੇ ਪਾਕਿਸਤਾਨ ਨੂੰ ਇੱਕ ਅੱਖ ਨਾਲ ਦੇਖਦੇ ਹਨ?"

ਜਵਾਬ, ਚੰਗੇ ਨੇਤਾ ਦੇ ਪਾਲੇ ਹੋਏ -ਤਸਕਰ!

--

6-ਸਵਾਲ: ਮੇਰੇ ਦਾਦਾ ਜੀ ਜੂਏਬਾਜ਼ ਸਨ। ਪਿਤਾ ਜੀ ਜੇਬ ਕਤਰਾ ਸਨ। ਮੈਂ ਤਸਕਰੀ ਦਾ ਕੰਮ ਕਰਦਾ ਹਾਂ। ਮੇਰਾ ਪੁੱਤਰ ਕੀ ਬਣੇਗਾ?

ਜਵਾਬ: ਇਹ ਵੀ ਕੋਈ ਪੁੱਛਣ ਵਾਲਾ ਸਵਾਲ ਹੈ? ਸਿੱਧਾ ਰਾਹ ਮਰੱਬਿਆਂ ਨੂੰ ਜਾਂਦਾ--ਨੇਤਾ!

--

7-ਸਵਾਲ: ਸੁਣਿਆ ਤੁਹਾਡੇ ਹਲਕੇ ਵਿੱਚ ਨਾਜਾਇਜ਼ ਵੋਟਾਂ ਬਹੁਤ ਬਣੀਆਂ ਹੋਈਆ ਹਨ। ਉਹ ਲੋਕ ਕੋਣ ਨੇ?

ਜਵਾਬ: ਉਹ ਰੱਬ ਦੇ ਬੰਦੇ ਹਨ। ਕੀ ਕਦੇ 'ਰੱਬ' ਦਿਖਾਈ ਦਿੱਤਾ?

--

ਜਾਂਦੇ ਜਾਂਦੇ

--

8-ਇਸ਼ਤਿਹਾਰ-ਬਾਜ਼ੀ

ਚੋਣਾਂ ਦੇ ਪਰਚਾਰ ਸਮੇਂ, ਦੋ ਵਿਰੋਧੀ ਗੁੱਟ ਇੱਕ ਦੂਜੇ ਦੇ ਆਹਮੋ-ਸਾਹਮਣੇ ਆ ਗਏ ਅਤੇ ਸ਼ਬਦੀ-ਗਰਮਾਹਿਟ ਤੋਂ ਅੱਗੇ ਹੱਥੋਪਾਈ ਸ਼ੁਰੂ ਹੋ ਗਈ। ਇੱਕ ਉਮੀਦਵਾਰ ਦੀ ਪੱਗ ਉਤਰ ਗਈ ਅਤੇ ਦੂਜੇ ਦੇ ਦੋ-ਚਾਰ ਘੁੱਸਣ-ਮੁੱਕੇ ਵੱਜ ਗਏ। ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵਿੱਚ-ਬਚਾਓ ਕਰਵਾ ਦਿੱਤਾ।

ਹਸਪਤਾਲ ਜਾਣ ਤੋਂ ਪਹਿਲਾਂ,ਦੋਵੇਂ ਹੀ ਉੱਚੀ-ਉੱਚੀ ਸੁਰ 'ਚ ਅਲਾਪ ਰਹੇ ਸੀ ਕਿ ਪਹਿਲਾਂ ਅਖ਼ਬਾਰਾਂ ਦੇ ਫੋਟੋਗ੍ਰਾਫਰ ਤੇ ਯੂ ਟਿਊਬਰਾਂ ਨੂੰ ਫ਼ੋਟੋ ਤਾਂ ਖਿੱਚ ਲੈਣ ਦਿਓ।

---

ਹੇ ਮੇਰੇ ਪਿਆਰੇ ਵੋਟਰੋ! ਧੰਨ ਨੇ-- ਸਾਡੇ ਅਜਿਹੇ ਸਿਆਸਤਦਾਨ!!

-0-



ਸੁਰਜੀਤ ਸਿੰਘ ਭੁੱਲਰ

# ਸ਼ੂਗਰ ਤੇਜ਼ੀ ਨਾਲ ਘਟਾਉਣ ਦਾ ਨੁਸਖਾ

ਅੱਜਕੱਲ੍ਹ ਸ਼ੂਗਰ ਇੱਕ ਆਮ ਬਿਮਾਰੀ ਹੋ ਚੁੱਕੀ ਹੈ ਅਤੇ ਇਹਦੇ ਕਾਰਣ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ । ਅਗਰ ਸ਼ੂਗਰ ਅਤੇ ਬਲੱਡ ਪਰੈਸ਼ਰ ਵਧਣ ਦੀ ਬਿਮਾਰੀ ਇੱਕਠੀਆਂ ਹੋਣ ਤਾਂ ਹੋਰ ਵੀ ਖਤਰਨਾਕ ਹੋ ਨਿੱਬੜਦੀਆਂ ਹਨ । ਦੋਵੇਂ ਇੱਕਠੀਆਂ ਲਗਾਤਾਰ ਬਣੀਆਂ ਰਹਿਣ ਤਾਂ ਲਿਵਰ, ਗੁਰਦੇ ਜਾਂ ਦਿਲ ਨੂੰ ਲੈ ਬੈਠਦੀਆਂ ਹਨ । ਸ਼ੂਗਰ ਦੇ ਮਰੀਜ਼ ਨੂੰ ਗੈਂਗਰੀਨ ਹੋਣ ਅਤੇ ਅੱਖਾਂ ਦੀ ਰੌਸ਼ਨੀ ਖਤਮ ਹੋਣ ਦੀਆਂ ਘਟਨਾਵਾਂ ਆਮ ਹੀ ਸਾਹਮਣੇ ਆਉਂਦੀਆਂ





ਰਹਿੰਦੀਆਂ ਹਨ । ਗੈਂਗਰੀਨ ਵਾਲਿਆਂ ਦਾ ਤਾਂ ਐਲੋਪੈਥੀ ਵਾਲੇ ਸਬੰਧਿਤ ਅੰਗ ਹੀ ਕੱਟ ਦਿੰਦੇ ਹਨ। ਅਗਰ ਕਿਸੇ ਦੀ ਸ਼ੂਗਰ ਜ਼ਿਆਦਾ ਬੇਕਾਬੂ ਰਹਿੰਦੀ ਹੈ ਤਾਂ ਉਹਦੇ ਵਾਸਤੇ ਇੱਕ ਸਧਾਰਨ ਜਿਹਾ ਘਰੇਲੂ ਨੁਸਖਾ ਦੱਸਣ ਜਾ ਰਿਹਾ ਹਨ , ਜਿਹਦੇ ਨਾਲ ਤੁਸੀਂ ਵਧੀ ਹੋਈ ਸ਼ੂਗਰ ਨੂੰ ਬਹੁਤ ਜਲਦੀ ਕਾਬੂ ਕਰ ਸਕਦੇ ਹੋ । ਭਿੰਡੀ ਆਮ ਹੀ ਵਰਤੋਂ ਵਿੱਚ ਆਉਣ ਵਾਲੀ ਸਬਜ਼ੀ ਹੈ , ਜੋ ਸਾਡੇ ਸਰੀਰ ਲਈ ਬਹੁਤ ਗੁਣਕਾਰੀ ਹੁੰਦੀ ਹੈ । ਭਿੰਡੀ

**ਡਾਕਟਰ ਇੰਦਰਜੀਤ ਕਮਲ**

ਵਿੱਚ ਔਸ਼ਧੀ ਗੁਣ ਵੀ ਬਹੁਤ ਜ਼ਿਆਦਾ ਹੁੰਦੇ ਹਨ ਅਤੇ ਇਹਦੇ ਨਾਲ ਕਈ ਬਿਮਾਰੀਆਂ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ । ਅੱਜਕੱਲ੍ਹ ਭਿੰਡੀਆਂ ਬਾਜ਼ਾਰ ਵਿੱਚ ਆਮ ਹਨ । ਤੁਸੀਂ ਪੰਸਾਰੀ ਦੀ ਦੁਕਾਨ ਤੋਂ 50 ਗ੍ਰਾਮ ਅੰਬਾ ਹਲਦੀ ਲਿਆਓ ਅਤੇ ਪੀਸ ਕੇ ਉਹਦਾ ਚੂਰਨ ਬਣਾ ਲਓ । ਚਾਰ ਪੰਜ ਭਿੰਡੀਆਂ ਨੂੰ ਧੋਹ ਕੇ ਚੰਗੀ ਤਰ੍ਹਾਂ ਕੱਪੜੇ ਨਾਲ ਪੂੰਝ ਲਓ ਅਤੇ ਉਹਨਾਂ ਵਿਚਕਾਰ ਲੰਮੇ ਰੁਕ ਚੀਰੇ ਦੇ ਲਓ । ਚੀਰੀਆਂ ਹੋਈਆਂ ਭਿੰਡੀਆਂ ਵਿੱਚ ਦੋ ਦੋ ਚੁਟਕੀ ਅੰਬਾ ਹਲਦੀ ਦਾ ਪੀਸਿਆ ਹੋਇਆ ਚੂਰਨ ਭਰ ਕੇ ਕਿਸੇ ਕੱਚ ਦੇ ਬਰਤਨ ਵਿੱਚ ਰੱਖ ਕੇ ਉੱਤੇ ਮਲਮਲ ਦਾ ਕੱਪੜਾ ਦੇ ਕੇ ਢੱਕ ਦਿਓ ਅਤੇ ਸਾਰੀ ਰਾਤ ਬਾਹਰ ਪਈਆਂ ਰਹਿਣ ਦਿਓ । ਸਵੇਰੇ ਉੱਠ ਕੇ ਇਹਨਾਂ ਭਿੰਡੀਆਂ ਨੂੰ ਖਾਲੀ ਪੇਟ ਚਬਾਅ ਚਬਾਅ ਕੇ ਖਾ ਜਾਓ ਅਤੇ ਘੱਟੋ ਘੱਟ ਦੋ ਘੰਟੇ ਕੁਝ ਨਾ ਖਾਓ । ਇਸ ਤਰ੍ਹਾਂ ਕਰਨ ਨਾਲ ਕੁਝ ਦਿਨ ਵਿੱਚ ਹੀ ਤੁਹਾਡੀ ਸ਼ੂਗਰ ਤੇਜ਼ੀ ਨਾਲ ਘਟਣੀ ਸ਼ੁਰੂ ਹੋ ਜਾਏਗੀ ।

**ਨੋਟ :** ਕਈਆਂ ਦੀ ਸ਼ੂਗਰ ਪਹਿਲੀ ਖੁਰਾਕ ਨਾਲ ਵੀ ਤੇਜ਼ੀ ਨਾਲ ਘਟ ਸਕਦੀ ਹੈ , ਇਸ ਕਰ ਕੇ ਆਪਣਾ ਖਿਆਲ ਜ਼ਰੂਰ ਰੱਖਣਾ ।

# ਨਾਜ਼ੁਕ ਤੇ ਸੋਹਲ ਜਿੰਦਾਂ

## ਮਾਸੂਮ ਬੱਚੇ ਦੀ ਤਸਵੀਰ ਵਿਚਲਿਤ ਕਰ ਰਹੀ ਹੈ ਪਰ ਇਸ ਘਟਨਾ ਦਾ ਦੂਜਾ ਪੱਖ ਵੇਖਣਾ ਵੀ ਬੇਹੱਦ ਜ਼ਰੂਰੀ ਹੈ।

ਇੱਕ ਸਮਾਂ ਸੀ, ਜਦੋਂ ਵਿਦਿਆਰਥੀ, ਅਧਿਆਪਕਾਂ ਦਾ ਆਪਣੇ ਮਾਂ-ਬਾਪ ਨਾਲੋਂ ਵੀ ਜਿਆਦਾ ਆਦਰ-ਸਤਿਕਾਰ ਕਰਦੇ ਸਨ। ਮਾਂ-ਪਿਓ ਦਾ ਕਹਿਣ ਤਾਂ ਫਿਰ ਵੀ ਮੋੜ ਦਿੰਦੇ ਸਨ ਪਰ ਕੀ ਮਜਾਲ ਸੀ ਜੋ ਅਧਿਆਪਕਾਂ ਦੇ ਹੁਕਮਾਂ ਦੀ ਅਵੱਗਿਆ ਕਰ ਜਾਣ। ਕਿਤੇ ਰਾਹ ਵੱਟੇ ਸਾਹਮਣਾ ਹੋ ਜਾਣਾ ਤਾਂ ਹੱਥਾਂ-ਪੈਰਾਂ ਦੀਆਂ ਪੈ ਜਾਣੀਆਂ। ਸਕੂਲ ਵਿੱਚ ਹਰ ਰੋਜ਼ ਛਿੱਤਰ ਪਰੇਡ ਹੋਣੀ ਆਮ ਜਿਹੀ ਗੱਲ ਸੀ। ਮੁੰਡਿਆਂ ਦਾ ਮੁਰਗਾ ਬਣਾਉਣਾ ਤੇ ਕੁੜੀਆਂ ਦੀਆਂ ਬਾਹਾਂ ਖੜੀਆਂ ਕਰਾਉਣੀਆਂ ਸਾਧਾਰਨ ਜਿਹੀ ਸਜ਼ਾ ਸੀ ਜੋ ਕਿ ਆਪਣੀ ਪੜ੍ਹਾਈ ਦੌਰਾਨ ਜਿਆਦਾ ਨਹੀਂ ਤਾਂ ਇੱਕ-ਅੱਧੀ ਵਾਰ ਤਾਂ ਤਕਰੀਬਨ ਹਰ ਇੱਕ ਨੂੰ ਭੁਗਤਣੀ ਹੀ ਪੈਂਦੀ ਸੀ ਪਰ ਇਹ ਕੋਈ ਬੇਇੱਜ਼ਤੀ ਜਾਂ ਸ਼ਰਮ ਵਾਲੀ ਗੱਲ ਨਹੀਂ ਸੀ ਮੰਨੀ ਜਾਂਦੀ। ਮਾਸਟਰਾਂ ਨੇ ਤੂਤ ਦੀ ਛਿਟੀ ਜਾਂ ਮੋਟੇ ਰੂਲ ਨਾਲ ਕੁੱਟ-ਕੁੱਟ ਲਾਸ਼ਾਂ ਪਾ ਦੇਣੀਆਂ ਪਰ ਆਥਣ ਤੱਕ ਬੱਚਿਆਂ ਲਈ 'ਦੋ ਪਈਆਂ, ਕਿੱਧਰ ਗਈਆਂ’ ਵਾਲੀ ਗੱਲ ਹੋ ਜਾਣੀ। ਨਾ ਬੱਚਿਆਂ ਨੇ ਹੀ ਘਰੇ ਜਾ ਕੇ ਦੱਸਣਾ ਤੇ ਨਾ ਹੀ ਮਾਪਿਆਂ ਨੇ ਸਕੂਲੇ ਆ ਕੇ ਹੋ-ਹੱਲਾ ਕਰਨਾ। ਅਸੀਂ ਖੁਦ ਉਹਨਾਂ ਸਮਿਆਂ ਦੇ ਗਵਾਹ ਤੇ ਸਜ਼ਾ ਜਾਫ਼ਤਾ ਹਾਂ।

ਹੁਣ ਦੀ ਗੱਲ ਕਰੀਏ, ਵਕਤ ਬਦਲ ਗਿਆ ਹੈ। ਸਮੇਂ ਦੇ ਇਸ ਬਦਲਦੇ ਦੌਰ ਵਿੱਚ ਬੱਚੇ ਬਹੁਤ ਨਾਜ਼ੁਕ ਤੇ ਸੋਹਲ ਹੋ ਗਏ ਹਨ। ਮਾਪੇ ਉਹਨਾਂ ਤੋਂ ਵੀ ਜਿਆਦਾ ਸੋਹਲ ਹੋ ਗਏ ਹਨ। ਏ.ਸੀ. ਤੇ ਹੀਟਰਾਂ ਦੀਆਂ ਸਹੂਲਤਾਂ ਅਤੇ ਇਲੈਕਟ੍ਰਾਨਿਕ ਮੀਡੀਏ ਨੇ ਤਸੀਰਾਂ ਦੇ ਨਾਲ-ਨਾਲ ਖ਼ੂਨ ਵੀ ਬਦਲ ਦਿੱਤੇ ਨੇ। ਸਾਧਾਰਨ ਜਿਹਾ ਝਿੜਕਾ ਮਾਰਨਾ ਵੀ ਹੱਤਕ ਸਮਝਿਆ ਜਾਣ ਲੱਗਾ ਹੈ। ਸਮਝੋ ਹੱਤਕ; ਹੱਤਕ ਸਮਝਣਾ ਮਾੜੀ ਗੱਲ ਨਹੀਂ, ਪਰ ਇਸ ਹੱਤਕ ਨੂੰ ਮਿਹਨਤ ਦੇ ਬਲਬੂਤੇ ਮਾਣ-ਸਨਮਾਨ ਵਿੱਚ ਬਦਲੋ। ਨਾ ਕਿ ਆਪਣੀ ਜਾਨ ਹੀ ਦੇ ਦਓ। ਕਿਸੇ ਇੱਕ ਦੀ ਗਲਤੀ ਜਾਂ ਬੇਵਕੂਫ਼ੀ ਆਪਣੇ ਟੱਬਰ ਦੀ ਦੁਰਦਸ਼ਾ ਤਾਂ ਕਰਦੀ ਹੀ ਹੈ, ਨਾਲ ਹੀ ਬਾਕੀਆਂ ਦੀ ਜ਼ਿੰਦਗੀ ਅੱਗੇ ਵੀ ਪ੍ਰਸ਼ਨ ਚਿੰਨ ਲਗਾ ਦਿੰਦੀ ਹੈ।



**ਗੁਰਜਿੰਦਰ ਸਿੰਘ ਸਾਹਦੜਾ**

# ਚੀਨੀ ਮੂਲ ਦੇ ਮੋਚੀ ਨੇ ਆਪਣੇ ਹੁਨਰ ਸਦਕਾ ਵੈਸਟਰਨ ਸੰਸਕ੍ਰਿਤੀ ਵਿੱਚ ਬਣਾਈ ਆਪਣੀ ਵਿਲੱਖਣ ਪਛਾਣ

**ਵੈਨਕੂਵਰ, ਮਈ (ਮਲਕੀਤ ਸਿੰਘ) –** ਕੈਨੇਡਾ ਦੇ ਅਲਬਰਟਾ ਸੂਬੇ ਦੇ ਰੈੱਡ ਡੀਅਰ ਸ਼ਹਿਰ ਵਿੱਚ ਇੱਕ ਚੀਨੀ ਮੂਲ ਦੇ ਮੋਚੀ ਦੀ ਕਹਾਣੀ ਅੱਜ ਵੀ ਲੋਕਾਂ ਲਈ ਪ੍ਰੇਰਣਾ ਬਣੀ ਹੋਈ ਹੈ, ਜਿਸਨੇ ਆਪਣੀ ਮਿਹਨਤ ਅਤੇ ਹੁਨਰ ਨਾਲ ਵੈਸਟਰਨ ਸੰਸਕ੍ਰਿਤੀ ਵਿੱਚ ਇੱਕ ਖਾਸ ਥਾਂ ਬਣਾਈ।

ਜਾਣਕਾਰੀ ਅਨੁਸਾਰ ਵੇਈ ਮਾਹ ਨਾਮਕ ਇਹ ਵਿਅਕਤੀ 1950 ਦੇ ਦਹਾਕੇ ਵਿੱਚ ਚੀਨ ਤੋਂ ਕੈਨੇਡਾ ਆਇਆ ਸੀ। ਸ਼ੁਰੂਆਤੀ ਸਮੇਂ ਵਿੱਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਉਸਨੇ ਆਪਣੇ ਹੁਨਰ ਦੇ ਆਧਾਰ ‘ਤੇ ਜੁੱਤਿਆਂ ਦੀ ਮੁਰੰਮਤ ਅਤੇ ਵੈਸਟਰਨ ਸਟਾਈਲ ਦੇ ਬੂਟ ਤਿਆਰ ਕਰਨ ਦਾ ਕੰਮ ਸ਼ੁਰੂ ਕੀਤਾ।

ਕੁਝ ਸਮੇਂ ਵਿੱਚ ਹੀ ਉਸਦੀ ਦੁਕਾਨ ਰੈੱਡ ਡੀਅਰ ਵਿੱਚ ਲੋਕਾਂ ਲਈ ਭਰੋਸੇਯੋਗ ਥਾਂ ਬਣ ਗਈ, ਜਿੱਥੇ ਕਾਊਬਾਏ ਬੂਟਾਂ ਦੀ ਮੁਰੰਮਤ ਅਤੇ ਤਿਆਰੀ ਲਈ ਲੋਕ ਦੂਰ-ਦੂਰ ਤੋਂ ਆਉਂਦੇ ਸਨ। ਉਸਦੇ ਕੰਮ ਦੀ ਕੁਆਲਟੀ ਅਤੇ ਨਿਪੁੰਨਤਾ ਨੇ ਉਸਨੂੰ ਸਥਾਨਕ ਭਾਈਚਾਰੇ ਵਿੱਚ ਇੱਕ ਪ੍ਰਸਿੱਧ ਨਾਮ ਬਣਾ ਦਿੱਤਾ। ਸੱਤ ਦਹਾਕਿਆਂ ਬਾਅਦ ਵੀ ਉਸਦੀ ਵਿਰ-ਾਸਤ ਜਾਰੀ ਹੈ, ਕਿਉਂਕਿ ਉਸਦੀ ਦੁਕਾਨ ਅੱਜ ਵੀ ਚੱਲ ਰਹੀ ਹੈ ਅਤੇ ਉਸ ਦੀ ਨਵੀਂ ਪੀੜ੍ਹੀ ਉਸਦੇ ਕੰਮ ਨੂੰ ਅੱਗੇ ਵਧਾ ਰਹੀ ਹੈ। ਸਥਾਨਕ ਲੋਕਾਂ ਲਈ ਇਹ ਸਿਰਫ਼ ਇੱਕ ਦੁਕਾਨ ਨਹੀਂ, ਸਗੋਂ ਇੱਕ ਇਤਿਹਾਸਕ ਨਿਸ਼ਾਨੀ ਬਣ ਚੁੱਕੀ ਹੈ।




ਰੈੱਡ ਡੀਅਰ ਸ਼ਹਿਰ ਵਿੱਚ ਵੇਈ ਮਾਹ ਦੇ ਬੂਟਾਂ ਦੇ ਇੱਕ ਸਟੋਰ ਦੀ ਇੱਕ ਤਸਵੀਰ।

# ਪਿਤਾ ਦੀ ਫਿਕਰ ਕਦੇ ਘੱਟ ਨਹੀਂ ਹੁੰਦੀ

ਇਨਸਾਨ ਦੀ ਜ਼ਿੰਦਗੀ ਵਿੱਚ ਇੱਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਉਸਨੂੰ ਲੱਗਣ ਲੱਗਦਾ ਹੈ ਕਿ ਹੁਣ ਉਹ ਵੱਡਾ ਹੋ ਗਿਆ ਹੈ। ਬਚਪਨ ਦੀਆਂ ਹੱਦਾਂ ਪਾਰ ਕਰਕੇ ਉਹ ਆਪਣੇ ਫੈਸਲੇ ਆਪ ਲੈਣਾ ਚਾਹੁੰਦਾ ਹੈ। ਦੋਸਤ ਬਣਾਉਣੇ, ਆਪਣੀਆਂ ਗੱਲਾਂ ਆਪ ਸਮਝਣੀਆਂ, ਪੜ੍ਹਾਈ ਕਰਨੀ ਅਤੇ ਆਪਣਾ ਸਮਾਂ ਆਪਣੇ ਤਰੀਕੇ ਨਾਲ ਬਿਤਾਉਣਾ – ਇਹ ਸਭ ਉਸਨੂੰ ਇਹ ਅਹਿਸਾਸ ਦਿੰਦਾ ਹੈ ਕਿ ਹੁਣ ਉਸਨੂੰ ਹਰ ਗੱਲ ਵਿੱਚ ਮਾਤਾ-ਪਿਤਾ ਦੀ ਸਲਾਹ ਜਾਂ ਚਿੰਤਾ ਦੀ ਲੋੜ ਨਹੀਂ ਰਹੀ।

ਕਈ ਵਾਰ ਜਦੋਂ ਮਾਪੇ ਛੋਟੀਆਂ-ਛੋਟੀਆਂ ਗੱਲਾਂ ਪੁੱਛਦੇ ਹਨ ਜਾਂ ਧਿਆਨ ਰੱਖਦੇ ਹਨ, ਤਾਂ ਬੱਚਿਆਂ ਨੂੰ ਲੱਗਦਾ ਹੈ ਕਿ ਉਹ ਅਜੇ ਵੀ ਉਹਨਾਂ ਨੂੰ ਛੋਟਾ ਸਮਝਦੇ ਹਨ।

ਪਰ ਜਿਵੇਂ-ਜਿਵੇਂ ਉਮਰ ਵੱਧਦੀ ਹੈ, ਜ਼ਿੰਦਗੀ ਦੀ ਸਮਝ ਵੀ ਡੂੰਘੀ ਹੁੰਦੀ ਜਾਂਦੀ ਹੈ। ਫਿਰ ਸਾਨੂੰ ਸਮਝ ਲੱਗਦੀ ਹੈ ਕਿ ਮਾਪਿਆਂ ਲਈ ਅਸੀਂ ਕਦੇ ਵੀ ਪੂਰੀ ਤਰ੍ਹਾਂ ਵੱਡੇ ਨਹੀਂ ਹੁੰਦੇ। ਉਹਨਾਂ ਦੀ ਨਜ਼ਰ ਵਿੱਚ ਅਸੀਂ ਹਮੇਸ਼ਾ ਉਹੀ ਬੱਚੇ ਰਹਿੰਦੇ ਹਾਂ, ਜਿਨ੍ਹਾਂ ਨੂੰ ਉਹਨਾਂ ਨੇ ਆਪਣੀਆਂ ਬਾਂਹਾਂ ਵਿੱਚ ਚੁੱਕਿਆ, ਹੱਥ ਫੜ ਕੇ ਤੁਰਨਾ ਸਿਖਾਇਆ ਅਤੇ ਹਰ ਡਰ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ।

ਮੇਰੀ ਆਪਣੀ ਜ਼ਿੰਦਗੀ ਵਿੱਚ ਇੱਕ ਅਜਿਹਾ ਅਨੁਭਵ ਹੈ ਜੋ ਹਰ ਰੋਜ਼ ਮੈਨੂੰ ਪਿਤਾ ਦੀ ਫਿਕਰ ਦਾ ਅਹਿਸਾਸ ਕਰਵਾਉਂਦਾ ਹੈ। ਜਦੋਂ ਮੈਂ ਸਵੇਰੇ ਡਿਊਟੀ ਲਈ ਜਾਂਦਾ ਹਾਂ ਤਾਂ ਮੇਰੇ ਘਰ ਤੋਂ ਲਗਭਗ ਤਿੰਨ ਕਿਲੋਮੀਟਰ ਦੂਰ ਬੱਸ ਸਟਾਪ ਹੈ। ਹਰ ਰੋਜ਼ ਮੇਰੇ ਪਾਪਾ ਮੈਨੂੰ ਐਕਟੀਵਾ ਤੇ ਛੱਡਣ ਜਾਂਦੇ ਹਨ। ਮੈਂ ਕਈ ਵਾਰ ਉਹਨਾਂ ਨੂੰ ਕਹਿੰਦਾ ਹਾਂ ਕਿ ਹੁਣ ਤੁਸੀਂ ਵਾਪਸ ਘਰ ਚਲੇ ਜਾਓ, ਮੈਂ ਬੱਸ ਆਉਣ ਤੇ ਚਲਾ ਜਾਵਾਂਗਾ। ਪਰ ਉਹ ਉਦੋਂ ਤੱਕ ਨਹੀਂ ਜਾਂਦੇ ਜਦੋਂ ਤੱਕ ਮੇਰੀ ਬੱਸ ਨਹੀਂ ਆ ਜਾਂਦੀ ਅਤੇ ਮੈਂ ਬੱਸ ਵਿੱਚ ਨਹੀਂ ਬੈਠ ਜਾਂਦਾ।

ਉਹਨਾਂ ਦੀ ਇਸ ਉਡੀਕ ਦੇ ਪਿੱਛੇ ਇੱਕ ਪਿਤਾ ਦੀ ਸੱਚੀ ਚਿੰਤਾ ਹੁੰਦੀ ਹੈ। ਸ਼ਾਇਦ ਉਹਨਾਂ ਨੂੰ ਫਿਕਰ ਹੁੰਦੀ ਹੈ ਕਿ ਕਿਤੇ ਬੱਸ ਨਾ ਛੁੱਟ ਜਾਵੇ, ਕਿਤੇ ਮੈਂ ਲੇਟ ਨਾ ਹੋ ਜਾਵਾਂ ਜਾਂ ਕੋਈ ਹੋਰ ਦਿੱਕਤ ਨਾ ਆ ਜਾਵੇ।

ਇਹ ਗੱਲ ਭਾਵੇਂ ਛੋਟੀ ਲੱਗੇ, ਪਰ ਇਸਦੇ ਅੰਦਰ ਇੱਕ ਪਿਤਾ ਦੀ ਬੇਅੰਤ ਫ਼ਿਕਰ ਛਿਪੀ ਹੋਈ ਹੈ।

ਕਈ ਵਾਰ ਮੈਂ ਉਥੋਂ ਕਿਸੇ ਕਾਰ ਰਾਹੀਂ ਅੱਗੇ ਅੱਧੇ ਰਸਤੇ ਤੱਕ ਜਾਣਾ ਹੁੰਦਾ ਹੈ। ਮੈਂ ਪਾਪਾ ਨੂੰ ਬਾਰ-ਬਾਰ ਕਹਿੰਦਾ ਹਾਂ ਕਿ ਹੁਣ ਤੁਸੀਂ ਜਾਓ। ਪਰ ਮੈਂ ਇੱਕ ਗੱਲ ਹਮੇਸ਼ਾ ਨੋਟ ਕੀਤੀ ਹੈ – ਉਹ ਉਦੋਂ ਤੱਕ ਉਥੇ ਹੀ ਖੜੇ ਰਹਿੰਦੇ ਹਨ ਜਦੋਂ ਤੱਕ ਮੈਂ ਰੋਡ ਕ੍ਰਾਸ ਕਰਕੇ ਦੂਜੇ ਪਾਸੇ ਨਹੀਂ ਪਹੁੰਚ ਜਾਂਦਾ। ਉਥੇ ਹਾਈਵੇ ਹੈ ਅਤੇ ਵਾਹਨ ਤੇਜ਼ ਰਫ਼ਤਾਰ ਨਾਲ ਲੰਘਦੇ ਹਨ।

ਇਹ ਸੋਚਣ ਵਾਲੀ ਗੱਲ ਹੈ ਕਿ ਮੈਂ 39 ਸਾਲ ਦਾ ਹਾਂ। ਮੈਂ ਕੋਈ ਛੋਟਾ ਬੱਚਾ ਨਹੀਂ ਹਾਂ। ਪਰ ਮੇਰੇ ਪਿਤਾ ਦੀ ਨਜ਼ਰ ਵਿੱਚ ਅਜੇ ਵੀ ਮੈਂ ਉਹੀ ਬੱਚਾ ਹਾਂ ਜਿਸ ਲਈ ਉਹਨਾਂ ਨੂੰ ਹਰ ਪਲ ਚਿੰਤਾ ਰਹਿੰਦੀ ਹੈ। ਉਹਨਾਂ ਨੂੰ ਅਜੇ ਵੀ ਇਹ ਫਿਕਰ ਹੁੰਦੀ ਹੈ ਕਿ ਕਿਤੇ ਰੋਡ ਕ੍ਰਾਸ ਕਰਦੇ ਸਮੇਂ ਕੋਈ ਬੇਧਿਆਨੀ ਨਾ ਹੋ ਜਾਵੇ।

ਇਹੀ ਤਾਂ ਪਿਤਾ ਹੁੰਦੇ ਹਨ। ਉਹ ਆਪਣੇ ਜਜ਼ਬਾਤ ਘੱਟ ਦਿਖਾਉਂਦੇ ਹਨ, ਪਰ ਉਹਨਾਂ ਦੀ ਚਿੰਤਾ ਹਰ ਪਲ ਸਾਡੇ ਨਾਲ ਤੁਰਦੀ ਹੈ। ਉਹ ਸਾਡੀ ਸੁਰੱਖਿਆ ਲਈ ਆਪਣੀ ਉਡੀਕ, ਆਪਣਾ ਸਮਾਂ ਅਤੇ ਆਪਣੀ ਥਕਾਵਟ ਤੱਕ ਭੁੱਲ ਜਾਂਦੇ ਹਨ।

ਜਦੋਂ ਅਸੀਂ ਖੁਦ ਮਾਪੇ ਬਣਦੇ ਹਾਂ, ਤਾਂ ਸਾਨੂੰ ਆਪਣੇ ਮਾਪਿਆਂ ਦੀਆਂ ਭਾਵਨਾਵਾਂ ਦੀ ਅਸਲ ਸਮਝ ਆਉਂਦੀ ਹੈ। ਮੇਰਾ ਵੱਡਾ ਬੇਟਾ ਅੱਠ ਸਾਲ ਦਾ ਹੋ ਗਿਆ ਹੈ। ਉਸਨੂੰ ਵੀ ਲੱਗਣ ਲੱਗ ਪਿਆ ਹੈ ਕਿ ਉਹ ਵੱਡਾ ਅਤੇ ਸਮਝਦਾਰ ਹੋ ਰਿਹਾ ਹੈ। ਪਰ ਇੱਕ ਪਿਤਾ ਹੋਣ ਦੇ ਨਾਤੇ ਮੈਨੂੰ ਪਤਾ ਹੈ ਕਿ ਮੇਰੀ ਚਿੰਤਾ ਉਸ ਲਈ ਕਦੇ ਘੱਟ ਨਹੀਂ ਹੋਵੇਗੀ। ਚਾਹੇ ਉਹ ਕਿੰਨਾ ਵੀ ਵੱਡਾ ਹੋ ਜਾਵੇ, ਮੇਰੇ ਲਈ ਉਹ ਹਮੇਸ਼ਾ ਮੇਰਾ ਬੱਚਾ ਹੀ ਰਹੇਗਾ।

ਮਾਪਿਆਂ ਦਾ ਪਿਆਰ ਅਤੇ ਫਿਕਰ ਸਮੇਂ ਨਾਲ ਘੱਟ ਨਹੀਂ ਹੁੰਦਾ, ਸਗੋਂ ਹੋਰ ਡੂੰਘਾ ਹੋ ਜਾਂਦਾ ਹੈ। ਬੱਚੇ ਵੱਡੇ ਹੋ ਜਾਂਦੇ ਹਨ, ਉਮਰਾਂ ਬਦਲ ਜਾਂਦੀਆਂ ਹਨ ਅਤੇ ਜ਼ਿੰਮੇਵਾਰੀਆਂ ਵੱਧ ਜਾਂਦੀਆਂ ਹਨ, ਪਰ ਮਾਪਿਆਂ ਦੀਆਂ ਅੱਖਾਂ ਵਿੱਚ ਸਾਡੇ ਲਈ ਉਹੀ ਚਿੰਤਾ, ਉਹੀ ਦੁਆ ਅਤੇ ਉਹੀ ਉਡੀਕ ਰਹਿੰਦੀ ਹੈ।

ਪਿਤਾ ਸਿਰਫ਼ ਉਹ ਨਹੀਂ ਜੋ ਸਾਨੂੰ ਪਾਲਦੇ ਹਨ, ਸਗੋਂ ਉਹ ਹਨ ਜੋ ਸਾਡੀ ਜ਼ਿੰਦਗੀ ਦੇ ਹਰ ਰਸਤੇ ਤੇ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਸਾਡੇ ਨਾਲ ਖੜੇ ਰਹਿੰਦੇ ਹਨ। ਉਹ ਕਦੇ ਕਹਿੰਦੇ ਨਹੀਂ, ਪਰ ਆਪਣੀਆਂ ਛੋਟੀਆਂ-ਛੋਟੀਆਂ ਚਿੰਤਾਵਾਂ ਰਾਹੀਂ ਇਹ ਜ਼ਰੂਰ ਦੱਸਦੇ ਹਨ ਕਿ ਉਹਨਾਂ ਲਈ ਅਸੀਂ ਹਮੇਸ਼ਾ ਸਭ ਤੋਂ ਕੀਮਤੀ ਹਾਂ।



**ਪਵਨ ਕੁਮਾਰ ਅੱਤਰੀ, ਕਪੂਰਥਲਾ**
**ਮੋਬਾ 8427791277**

# ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ : ਲੋਕਤੰਤਰ ਦੀ ਆਵਾਜ਼ ਅਤੇ ਸੱਚ ਦੀ ਲੜਾਈ

ਹਰ ਸਾਲ 3 ਮਈ ਨੂੰ ਦੁਨੀਆ ਭਰ ਵਿੱਚ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਸਿਰਫ਼ ਪੱਤਰਕਾਰਾਂ ਲਈ ਹੀ ਨਹੀਂ, ਸਗੋਂ ਹਰ ਉਸ ਨਾਗਰਿਕ ਲਈ ਮਹੱਤਵਪੂਰਨ ਹੈ ਜੋ ਲੋਕਤੰਤਰ, ਸੱਚਾਈ ਅਤੇ ਅਭਿਵਿਆਕਤੀ ਦੀ ਆਜ਼ਾਦੀ ਵਿੱਚ ਵਿਸ਼ਵਾਸ ਰੱਖਦਾ ਹੈ। ਕਿਸੇ ਵੀ ਦੇਸ਼ ਦੀ ਤਰੱਕੀ, ਪਾਰਦਰਸ਼ਤਾ ਅਤੇ ਲੋਕਤੰਤਰ ਦੀ ਮਜ਼ਬੂਤੀ ਇਸ ਗੱਲ ‘ਤੇ ਨਿਰਭਰ ਕਰਦੀ ਹੈ ਕਿ ਉੱਥੇ ਦੀ ਪ੍ਰੈੱਸ ਕਿੰਨੀ ਆਜ਼ਾਦ ਹੈ। ਜੇ ਮੀਡੀਆ ਬਿਨਾਂ ਡਰ ਅਤੇ ਦਬਾਅ ਦੇ ਸੱਚ ਲੋਕਾਂ ਤੱਕ ਪਹੁੰਚਾ ਸਕੇ, ਤਾਂ ਸਮਾਜ ਵਿੱਚ ਜਾਗਰੂਕਤਾ ਅਤੇ ਨਿਆਂ ਦੀ ਭਾਵਨਾ ਮਜ਼ਬੂਤ ਹੁੰਦੀ ਹੈ।

ਅੱਜ ਦੇ ਯੁੱਗ ਵਿੱਚ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਸਤੰਭ ਕਿਹਾ ਜਾਂਦਾ ਹੈ। ਵਿਧਾਨ ਸਭਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਦੇ ਨਾਲ ਮੀਡੀਆ ਉਹ ਤਾਕਤ ਹੈ ਜੋ ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਲੋਕਾਂ ਦੇ ਪ੍ਰਤੀ ਜਵਾਬਦੇਹ ਬਣਾਉਂਦੀ ਹੈ। ਪੱਤਰਕਾਰ ਉਹਨਾਂ ਮਸਲਿਆਂ ਨੂੰ ਸਾਹਮਣੇ ਲਿਆਉਂਦੇ ਹਨ ਜਿਨ੍ਹਾਂ ਨੂੰ ਕਈ ਵਾਰ ਤਾਕਤਵਰ ਲੋਕ ਛੁਪਾਉਣਾ ਚਾਹੁੰਦੇ ਹਨ। ਭ੍ਰਿਸ਼ਟਾਚਾਰ, ਅਨਿਆਂ, ਸਮਾਜਿਕ ਬੁਰਾਈਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਰਗੇ ਮਸਲੇ ਪੱਤਰਕਾਰਾਂ ਦੀ ਮਿਹਨਤ ਨਾਲ ਹੀ ਲੋਕਾਂ ਤੱਕ ਪਹੁੰਚਦੇ ਹਨ। ਇਸ ਲਈ ਆਜ਼ਾਦ ਪ੍ਰੈੱਸ ਨੂੰ ਲੋਕਤੰਤਰ ਦੀ ਰੂਹ ਮੰਨਿਆ ਜਾਂਦਾ ਹੈ।

ਪਰ ਦੁੱਖ ਦੀ ਗੱਲ ਇਹ ਹੈ ਕਿ ਦੁਨੀਆ ਦੇ ਕਈ ਦੇਸ਼ਾਂ ਵਿੱਚ ਅੱਜ ਵੀ ਪੱਤਰਕਾਰ ਆਪਣਾ ਫਰਜ਼ ਨਿਭਾਉਂਦੇ ਹੋਏ ਖ਼ਤਰੇ ਵਿੱਚ ਜੀ ਰਹੇ ਹਨ। ਕਈ ਥਾਵਾਂ ‘ਤੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਝੂਠੇ ਮਾਮਲਿਆਂ ਵਿੱਚ ਫਸਾਇਆ ਜਾਂਦਾ ਹੈ ਅਤੇ ਕਈ ਵਾਰ ਉਨ੍ਹਾਂ ‘ਤੇ ਜਾਨਲੇਵਾ ਹਮਲੇ ਵੀ ਹੁੰਦੇ ਹਨ। ਕੁਝ ਪੱਤਰਕਾਰ ਤਾਂ ਸੱਚਾਈ ਸਾਹਮਣੇ ਲਿਆਉਣ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਂਦੇ ਹਨ। ਇਹ ਸਥਿਤੀ ਨਾ ਸਿਰਫ਼ ਪੱਤਰਕਾਰਤਾ ਲਈ, ਸਗੋਂ ਪੂਰੇ ਲੋਕਤੰਤਰ ਲਈ ਖ਼ਤਰਨਾਕ ਹੈ। ਜਦੋਂ ਸੱਚ ਬੋਲਣ ਵਾਲੀਆਂ ਆਵਾਜ਼ਾਂ ਨੂੰ ਡਰਾਇਆ ਜਾਂਦਾ ਹੈ, ਤਾਂ ਲੋਕਾਂ ਦਾ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਵੀ ਕਮਜ਼ੋਰ ਹੋ ਜਾਂਦਾ ਹੈ।ਭਾਰਤ ਵਰਗੇ ਵੱਡੇ ਲੋਕਤੰਤਰ ਵਿੱਚ ਵੀ ਪ੍ਰੈੱਸ ਦੀ ਆਜ਼ਾਦੀ ਇੱਕ ਗੰਭੀਰ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ। ਦੇਸ਼ ਵਿੱਚ ਅਨੇਕਾਂ ਪੱਤਰਕਾਰ ਨਿਰਭੀਕਤਾ ਨਾਲ ਆਪਣਾ ਕੰਮ ਕਰ ਰਹੇ ਹਨ, ਪਰ ਕਈ ਵਾਰ ਉਨ੍ਹਾਂ ਨੂੰ ਸਮਾਜਿਕ, ਰਾਜਨੀਤਿਕ ਜਾਂ ਆਰਥਿਕ ਦਬਾਅ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਮੀਡੀਆ ਘਰਾਨਿਆਂ ‘ਤੇ ਵਪਾਰਕ ਦਬਾਅ, ਟੀ.ਆਰ.ਪੀ. ਦੀ ਦੌੜ ਅਤੇ ਰਾਜਨੀਤਿਕ ਪ੍ਰਭਾਵ ਨੇ ਪੱਤਰਕਾਰਤਾ ਦੀ ਨਿਰਪੱਖਤਾ ‘ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਅਜਿਹੇ ਸਮੇਂ ਵਿੱਚ ਜ਼ਰੂਰੀ ਹੈ ਕਿ ਪੱਤਰਕਾਰ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਸਮਝਣ ਅਤੇ ਸੱਚਾਈ ਤੇ ਤੱਥਾਂ ਦੇ ਆਧਾਰ ‘ਤੇ ਖ਼ਬਰਾਂ ਪੇਸ਼ ਕਰਨ।

ਡਿਜ਼ੀਟਲ ਮੀਡੀਆ ਅਤੇ ਸੋਸ਼ਲ ਮੀਡੀਆ ਦੇ ਵਧਦੇ ਪ੍ਰਭਾਵ ਨੇ ਜਾਣਕਾਰੀ ਦੇ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਹੁਣ ਹਰ ਵਿਅਕਤੀ ਆਪਣੇ ਮੋਬਾਈਲ ਰਾਹੀਂ ਦੁਨੀਆ ਭਰ ਦੀਆਂ ਖ਼ਬਰਾਂ ਤੱਕ ਪਹੁੰਚ ਰੱਖਦਾ ਹੈ। ਪਰ ਇਸ ਦੇ ਨਾਲ ਹੀ ਫੇਕ ਨਿਊਜ਼ ਅਤੇ ਗਲਤ ਜਾਣਕਾਰੀ ਦਾ ਖ਼ਤਰਾ ਵੀ ਕਾਫ਼ੀ ਵਧ ਗਿਆ ਹੈ। ਬਿਨਾਂ ਜਾਂਚੇ-ਪਰਖੇ ਸੁਨੇਹੇ ਅਤੇ ਝੂਠੀਆਂ ਖ਼ਬਰਾਂ ਸਮਾਜ ਵਿੱਚ ਨਫ਼ਰਤ, ਡਰ ਅਤੇ ਗਲਤਫ਼ਹਿਮੀਆਂ ਪੈਦਾ ਕਰ ਸਕਦੀਆਂ ਹਨ। ਇਸ ਸਥਿਤੀ ਵਿੱਚ ਜ਼ਿੰਮੇਵਾਰ ਪੱਤਰਕਾਰਤਾ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਹਰ ਜਾਣਕਾਰੀ ਨੂੰ ਸੱਚ ਮੰਨਣ ਤੋਂ ਪਹਿਲਾਂ ਉਸ ਦੀ ਪੁਸ਼ਟੀ ਕਰਨ।

ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਸਾਨੂੰ ਇਹ ਵੀ ਯਾਦ ਦਿਵਾਉਂਦਾ ਹੈ ਕਿ ਅਭਿਵਿਆਕਤੀ ਦੀ ਆਜ਼ਾਦੀ ਹਰ ਮਨੁੱਖ ਦਾ ਬੁਨਿਆਦੀ ਅਧਿਕਾਰ ਹੈ। ਜਦੋਂ ਲੋਕ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਹਨ, ਤਦੋਂ ਹੀ ਇੱਕ ਸਿਹਤਮੰਦ ਅਤੇ ਪ੍ਰਗਤੀਸ਼ੀਲ ਸਮਾਜ ਦਾ ਨਿਰਮਾਣ ਹੁੰਦਾ ਹੈ। ਜੇ ਕਿਸੇ ਸਮਾਜ ਵਿੱਚ ਡਰ ਦਾ ਮਾਹੌਲ ਹੋਵੇ ਅਤੇ ਲੋਕ ਆਪਣੀ ਗੱਲ ਕਹਿਣ ਤੋਂ ਘਬਰਾਉਣ, ਤਾਂ ਉਹ ਸਮਾਜ ਕਦੇ ਵੀ ਸੱਚੀ ਤਰੱਕੀ ਨਹੀਂ ਕਰ ਸਕਦਾ।

ਇਸ ਦਿਨ ਦਾ ਮਕਸਦ ਸਿਰਫ਼ ਸਮੱਸਿਆਵਾਂ ਵੱਲ ਧਿਆਨ ਦਿਵਾਉਣਾ ਨਹੀਂ, ਸਗੋਂ ਉਹਨਾਂ ਪੱਤਰਕਾਰਾਂ ਨੂੰ ਸਨਮਾਨ ਦੇਣਾ ਵੀ ਹੈ ਜੋ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸੱਚ ਦੀ ਲੜਾਈ ਲੜ ਰਹੇ ਹਨ। ਦੁਨੀਆ ਭਰ ਵਿੱਚ ਅਨੇਕਾਂ ਪੱਤਰਕਾਰ ਯੁੱਧ ਖੇਤਰਾਂ, ਕੁਦਰਤੀ ਆਫ਼ਤਾਂ ਅਤੇ ਖ਼ਤਰਨਾਕ ਹਾਲਾਤਾਂ ਵਿੱਚ ਵੀ ਲੋਕਾਂ ਤੱਕ ਸਹੀ ਜਾਣਕਾਰੀ ਪਹੁੰਚਾਉਣ ਲਈ ਦਿਨ-ਰਾਤ ਮਿਹਨਤ ਕਰਦੇ ਹਨ। ਉਨ੍ਹਾਂ ਦੀ ਇਹ ਨਿਸ਼ਠਾ ਅਤੇ ਹਿੰਮਤ ਸਮਾਜ ਲਈ ਪ੍ਰੇਰਣਾ ਹੈ।

ਸਰਕਾਰਾਂ ਅਤੇ ਸੰਬੰਧਿਤ ਸੰਸਥਾਵਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੱਤਰਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ। ਕਾਨੂੰਨੀ ਸੁਰੱਖਿਆ, ਖੁੱਲ੍ਹਾ ਮਾਹੌਲ ਅਤੇ ਨਿਰਭੀਕਤਾ ਨਾਲ ਕੰਮ ਕਰਨ ਦੀ ਆਜ਼ਾਦੀ ਹਰ ਪੱਤਰਕਾਰ ਦਾ ਅਧਿਕਾਰ ਹੈ। ਨਾਲ ਹੀ ਮੀਡੀਆ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਸਿਰਫ਼ ਵਪਾਰਕ ਲਾਭਾਂ ਦੀ ਬਜਾਏ ਸੱਚਾਈ ਅਤੇ ਲੋਕ-ਹਿਤ ਨੂੰ ਪਹਿਲ ਦੇਣ।


ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪ੍ਰੈੱਸ ਦੀ ਆਜ਼ਾਦੀ ਸਿਰਫ਼ ਪੱਤਰਕਾਰਾਂ ਦੀ ਲੜਾਈ ਨਹੀਂ, ਸਗੋਂ ਪੂਰੇ ਸਮਾਜ ਦੀ ਲੜਾਈ ਹੈ। ਜੇ ਸੱਚ ਬੋਲਣ ਵਾਲੀਆਂ ਆਵਾਜ਼ਾਂ ਸੁਰੱਖਿਅਤ ਰਹਿਣਗੀਆਂ, ਤਾਂ ਲੋਕਤੰਤਰ ਮਜ਼ਬੂਤ ਰਹੇਗਾ ਅਤੇ ਲੋਕਾਂ ਦਾ ਭਰੋਸਾ ਵੀ ਬਣਿਆ ਰਹੇਗਾ।




ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਸੱਚ ਦੀ ਆਵਾਜ਼ ਨੂੰ ਕਦੇ ਵੀ ਦਬਾਇਆ ਨਹੀਂ ਜਾ ਸਕਦਾ।

ਅੱਜ ਦੇ ਦਿਨ ਸਾਨੂੰ ਉਹਨਾਂ ਸਾਰੇ ਨਿਰਭੀਕ ਪੱਤਰਕਾਰਾਂ ਨੂੰ ਸਲਾਮ ਕਰਨਾ ਚਾਹੀਦਾ ਹੈ ਜੋ ਹਰ ਮੁਸ਼ਕਲ ਹਾਲਾਤ ਵਿੱਚ ਵੀ ਸੱਚ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਆਪਣਾ ਫਰਜ਼ ਇਮਾਨਦਾਰੀ ਨਾਲ ਨਿਭਾ ਰਹੇ ਹਨ।

**ਗੁਰਭਿੰਦਰ ਗੁਰੀ ਪੱਤਰਕਾਰ**

# ਗੁਰਦੁਆਰਾ ਸ਼ਹੀਦ ਗੰਜ ਵਿਖੇ 40 ਮੁਕਤਿਆਂ ਦਾ ਸ਼ਹੀਦੀ ਦਿਵਸ

**3 ਮਈ ਲਈ**
**ਸ਼ਹੀਦੀ ਦਿਵਸ 'ਤੇ ਵਿਸ਼ੇਸ਼**

ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸ਼੍ਰੀ ਦਰਬਾਰ ਸਾਹਿਬ (ਗੁਰਦੁਆਰਾ ਟੁੱਟੀ ਗੰਢੀ ਸਾਹਿਬ) ਸ਼੍ਰੀ ਮੁਕਤਸਰ ਸਾਹਿਬ ਦੇ ਪਿੱਛੇ ਲਹਿੰਦੇ ਪਾਸੇ ਵੱਲ ਹੈ। ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਚਿਖਾ (ਅੰਗੀਠਾ) ਤਿਆਰ ਕਰਕੇ 40 ਮੁਕਤੇ ਅਤੇ ਹੋਰ ਸ਼ਹੀਦ ਸਿੰਘਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਸੀ। 40 ਮੁਕਤਿਆਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1, 2 ਅਤੇ 3 ਮਈ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਈ: ਵਿੱਚ ਅਨੰਦਪੁਰ ਸਾਹਿਬ ਵਿੱਚ ਕਿਲ੍ਹਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ। ਦੁਸ਼ਮਣ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਅੰਦਰ ਨਾ ਜਾਣ ਦਿੱਤਾ, ਕਿਉਂਕਿ ਉਹਨਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ। ਜਦੋਂ ਕਾਫ਼ੀ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਰਿਹਾ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ, ਪਰ ਸਿੰਘਾਂ ਨੇ ਉੱਤਰ ਦਿੱਤਾ, ''ਅਸੀਂ ਲੜਦੇ ਹੋਏ ਸ਼ਹੀਦ ਹੋ ਸਕਦੇ ਹਾਂ ਪਰ ਭੁੱਖੇ ਮਰਨ ਲਈ ਤਿਆਰ ਨਹੀਂ।'' ਸਿੰਘ ਜਦ ਆਪਣੀ ਜ਼ਿੱਦ ਤੇ ਅੜੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਜੇਕਰ ਤੁਸੀਂ ਜਾਣਾ ਹੈ ਤਾਂ ਜਾਉ ਪਰ ਇਹ ਲਿਖ ਕੇ ਦੇ ਜਾਉ ''ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਅਤੇ ਅਸੀਂ ਉਸ ਦੇ ਸਿੱਖ ਨਹੀਂ।'' ਭਾਈ ਮਹਾਂ ਸਿੰਘ ਜੀ ਦੀ ਅਗਵਾਈ ਵਿੱਚ 40 ਸਿੰਘ ਗੁਰੂ ਜੀ ਨੂੰ 'ਅਸੀਂ ਤੁਹਾਡੇ ਸਿੱਖ ਨਹੀਂ,' ਤੁਸੀਂ ਸਾਡੇ ਗੁਰੂ ਨਹੀਂ' ਬੇਦਾਵਾ ਲਿਖ ਕੇ ਦੇਣ ਉਪਰੰਤ ਘਰਾਂ ਨੂੰ ਵਾਪਸ ਆ ਗਏ। ਗੁਰੂ ਜੀ ਨੇ ਮੁਗ਼ਲਾਂ ਦੇ ਵਿਸ਼ਵਾਸ ਦੇਣ 'ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਕਿ ਸਾਡੀ ਫ਼ੌਜ ਵਾਪਸ ਚਲੀ ਜਾਵੇਗੀ। ਪਰ ਇਹ ਉਹਨਾਂ ਦੀ ਇੱਕ ਚਾਲ ਸੀ। ਗੁਰੂ ਜੀ ਸਰਸਾ ਨਦੀ ਪਾਰ ਕਰਕੇ ਚਮਕੌਰ ਸਾਹਿਬ ਪੁੱਜੇ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੋ ਗੰਗੂ ਰਸੋਈਏ ਨਾਲ ਸਨ, ਗੁਰੂ ਸਾਹਿਬ ਤੋਂ ਵਿੱਛੜ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੇ ਨਾਲ ਸਨ। ਮੁਗ਼ਲ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਚਮਕੌਰ ਸਾਹਿਬ ਵਿਖੇ ਬਹੁਤ ਭਾਰੀ ਯੁੱਧ ਹੋਇਆ। ਜਿੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਮੁਗ਼ਲ ਫ਼ੌਜਾਂ ਨਾਲ ਜੂਝਦੇ ਹੋਏ ਜੰਗ ਵਿੱਚ ਸ਼ਹੀਦ ਹੋ ਗਏ।



ਗੁਰੂ ਜੀ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਦੀਨਾ ਕਾਂਗੜ, ਭਾਈ ਭਗਤਾ, ਵਾਂਦਰ, ਬਰਗਾੜੀ, ਸਰਾਵਾਂ, ਜੈਤੋ, ਮਲੂਕਾ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕੋਟਕਪੂਰਾ ਪੁੱਜੇ। ਕੋਟਕਪੂਰੇ ਦੇ ਚੌਧਰੀ (ਨਵਾਬ) ਕਪੂਰ ਸਿੰਘ ਤੋਂ ਗੁਰੂ ਜੀ ਨੇ ਕਿਲ੍ਹਾ ਮੰਗਿਆ। ਚੌਧਰੀ ਨੇ ਗੁਰੂ ਜੀ ਦੀ ਬਹੁਤ ਸੇਵਾ ਤੇ ਸਤਿਕਾਰ ਕੀਤਾ ਪਰ ਕਿਲ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਗੁਰੂ ਸਾਹਿਬ ਸਿੱਖ ਯੋਧਿਆਂ ਸਮੇਤ ਖਿਦਰਾਣੇ ਦੀ ਢਾਬ ਵੱਲ ਚੱਲ ਪਏ। ਦੂਜੇ ਪਾਸੇ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ 40 ਸਿੰਘ ਜਦ ਆਪਣੇ ਘਰਾਂ ਨੂੰ ਚਲੇ ਗਏ ਅਤੇ ਘਰ ਜਾ ਕੇ ਸਾਰਾ ਹਾਲ ਸੁਣਾਇਆ ਤਾਂ ਉਹਨਾਂ ਦੀਆਂ ਪਤਨੀਆਂ, ਭੈਣਾਂ, ਮਾਵਾਂ ਤੇ ਰਿਸ਼ਤੇਦਾਰਾਂ ਨੇ ਬਹੁਤ ਤਾਅਨੇ-ਮਿਹਣੇ ਮਾਰ ਕੇ ਕਿਹਾ ਕਿ ਤੁਸੀਂ ਗੁਰੂ ਜੀ ਨੂੰ ਛੱਡ ਕੇ ਚੰਗਾ ਕੰਮ ਨਹੀਂ ਕੀਤਾ। ਤੁਸੀਂ ਗੁਰੂ ਜੀ ਤੋਂ ਬੇਮੁਖ ਹੋ ਕੇ ਆਏ ਹੋ। ਤੁਸੀਂ ਘਰਾਂ ਵਿੱਚ ਘੱਗਰੇ ਤੇ ਚੂੜੀਆਂ (ਵੰਗਾਂ) ਪਾ ਕੇ ਬੈਠੋ, ਅਸੀਂ ਜੰਗ ਲੜਨ ਜਾਂਦੀਆਂ ਹਾਂ। ਮਾਈ ਭਾਗੋ ਜੋ ਸੂਰਬੀਰ ਤੇ ਦਲੇਰ ਔਰਤ ਸੀ, ਉਸ ਦੀ ਪ੍ਰੇਰਨਾ ਨਾਲ ਇਹ 40 ਸਿੰਘ ਸਮੀਰ ਸਿੰਘ, ਸਰਜਾ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਗੰਗਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲਾ ਸਿੰਘ, ਕੀਰਤੀ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ (ਮਹਾਨ ਕੋਸ਼, ਚੌਥੀ ਵਾਰ, ਪੰਨਾ 981) ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਉਹਨਾਂ ਆਪਣੀ ਗਿਣਤੀ ਜ਼ਿਆਦਾ ਦਿਖਾਉਣ ਲਈ ਝਾੜੀਆਂ ਅਤੇ ਬੂਟੀਆਂ ਦੇ ਉੱਪਰ ਆਪਣੇ ਚਾਦਰੇ, ਪਰਨੇ ਅਤੇ ਹੋਰ ਕੱਪੜੇ ਪਾ ਕੇ ਤੰਬੂਆਂ ਦੀ ਸ਼ਕਲ ਵਿੱਚ ਬਦਲ ਦਿੱਤਾ। 40 ਸਿੰਘ ਮੁਗ਼ਲ ਫ਼ੌਜਾਂ ਨਾਲ ਜੂਝ ਕੇ ਲੜੇ। ਯੁੱਧ ਖ਼ਤਮ ਹੋਣ ਤੋਂ ਬਾਅਦ ਗੁਰੂ ਜੀ ਜਦੋਂ ਲੜਾਈ ਦੇ ਮੈਦਾਨ ਵਿੱਚ ਪਹੁੰਚੇ, 39 ਸਿੰਘ ਸ਼ਹੀਦ ਹੋ ਚੁੱਕੇ ਸਨ। ਜਦੋਂ ਗੁਰੂ ਜੀ ਸਹਿਕ ਰਹੇ ਇੱਕ ਸਿੱਖ ਭਾਈ ਮਹਾਂ ਸਿੰਘ ਕੋਲ ਪਹੁੰਚੇ ਤਾਂ ਉਸ ਨੂੰ ਆਪਣੀ ਗੋਦੀ ਵਿੱਚ ਬਿਠਾਇਆ ਤੇ ਕੱਪੜੇ ਨਾਲ ਉਸ ਦਾ ਚਿਹਰਾ ਸਾਫ਼ ਕੀਤਾ। ਗੁਰੂ ਜੀ ਨੇ ਉਸ ਦੀ ਆਖ਼ਰੀ ਇੱਛਾ ਪੁੱਛੀ ਤੇ ਕਿਹਾ, ''ਭਾਈ ਮਹਾਂ ਸਿੰਘ ! ਤੁਸੀਂ ਮਹਾਨ ਕੁਰਬਾਨੀ ਕੀਤੀ ਹੈ, ਮੰਗ ਲੈ, ਜੋ ਮੰਗੇਗਾ, ਉਹ ਜ਼ਰੂਰ ਮਿਲੇਗਾ।''

ਤਬ ਲੌ ਇਕ ਸਿਖ ਸਹਿਕਤ ਪਾਯੋ।
ਕਹਯੋ ਗੁਰੂ ਮਾਂਗੋ ਮਨ ਭਾਯੋ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)

ਸਿਸਕੀਆਂ ਭਰਦਿਆਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਤਰੁੱਠੇ ਹੋ ਤਾਂ ਅਨੰਦਪੁਰ ਸਾਹਿਬ ਵਿਖੇ ਜੰਗ ਸਮੇਂ ਅਸੀਂ 40 ਸਿੰਘ ਜੋ ਬੇਦਾਵਾ ਲਿਖ ਕੇ ਦੇ ਆਏ ਸੀ, ਉਹ ਪਾੜ ਦਿਉ ਅਤੇ ਸਾਡੀ ਟੁੱਟੀ ਗੰਢ ਦਿਉ। ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਭਾਈ ਮਹਾਂ ਸਿੰਘ ਤੇ ਸ਼ਹੀਦ ਹੋਏ ਸਿੰਘਾਂ ਨਾਲ ਟੁੱਟੀ ਗੰਢ ਦਿੱਤੀ।

ਸਿੱਖੀ ਹਿਤ ਜਿਨ ਰਾਜਨ ਚਾਹਯੋ।
ਸਿਦਕ ਔਰ ਉਪਕਾਰ ਨਿਬਾਹਯੋ।
ਜੇਬ ਬੀਚ ਤੈ ਤਬੈ ਨਿਕਾਰਯੋ।
ਕਾਗਜ ਸਨਮੁਖ ਤਾਂਕੇ ਫਾਰਯੋ।
ਗੁਰੂ ਤੇ ਵਲੀ ਗੁਰੂ ਕੇ ਸਿਖ ਹੈਂ।
ਯਹਿ ਗੁਰੂ ਕਹਯੋ ਲਏ ਹਿਮ ਪਿਖ ਹੈਂ।
ਤੂਟੀ ਸਿੱਖੀ ਫੇਰ ਮਿਲਾਈ।
ਪਰਉਪਕਾਰ ਕਰਯੋ ਬਹੁਤਾਈ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)

ਗੁਰੂ ਜੀ ਨੇ ਫ਼ਰਮਾਇਆ ਕਿ ਇਹ ਥਾਂ ਹੁਣ ਖਿਦਰਾਣਾ ਨਹੀਂ ਸਗੋਂ ਮੁਕਤੀ ਦਾ ਅਸਥਾਨ ਹੈ।

ਮੁਕਤਯੋਂ ਕਾ ਪਦ ਉਨਕੋ ਦੀਨਾ।
ਖਿਦਰਾਣੇ ਕੋ ਮੁਕਤਸਰ ਕੀਨਾ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 312)

ਗੁਰੂ ਜੀ ਨੇ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਅਤੇ ਹੋਰ ਵੱਡੇ-ਵੱਡੇ ਖਿਤਾਬ ਬਖ਼ਸ਼ੇ। ਇਹਨਾਂ 40 ਮੁਕਤਿਆਂ ਨੂੰ ਅਸੀਂ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਯਾਦ ਕਰਦੇ ਹਾਂ।

ਗੁਰਦੁਆਰਾ ਸ਼ਹੀਦ ਗੰਜ ਸ਼੍ਰੀ ਮੁਕਤਸਰ ਸਾਹਿਬ ਵਿਖੇ ਹਰ ਸਮੇਂ ਅਖੰਡ-ਪਾਠਾਂ ਦੀ ਲੜੀ ਚੱਲਦੀ ਰਹਿੰਦੀ ਹੈ। ਇਸ ਅਸਥਾਨ ਤੇ ਹਰ ਸਾਲ 40 ਮੁਕਤਿਆਂ ਦਾ ਸ਼ਹੀਦੀ ਦਿਹਾੜਾ 3 ਮਈ ਨੂੰ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਅਖੰਡ-ਪਾਠਾਂ ਦੇ ਭੋਗ ਪਾਏ ਜਾਣਗੇ। ਉਪਰੰਤ ਵਿਸ਼ੇਸ਼ ਦੀਵਾਨ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਪ੍ਰਚਾਰਕ, ਢਾਡੀ ਗੁਰ ਇਤਿਹਾਸ, ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ ।**
**Emial :- Karnialisnghma@gmial.com**

# ਇੱਜ਼ਤਾਂ ਵਾ.ਲੇ ਲੋਕ



ਸੀਮਾ ਇੱਕ ਸਧਾਰਨ ਜਿਹੇ ਪਰਿਵਾਰ ਦੀ ਪਤਲੀ ਜਿਹੀ ਛੱਬੀ ਸਤਾਈ ਕੁ ਵਰ੍ਹਿਆਂ ਦੀ ਸੁਨੱਖੀ ਔਰਤ ਸੀ। ਉਸ ਦਾ ਵਿਆਹ ਹੋਏ ਨੂੰ ਚਾਰ ਸਾਲ ਹੋ ਗਏ ਸਨ। ਉਸ ਦਾ ਪੁੱਤਰ ਚੀਨੂ ਦੋ ਵਰ੍ਹਿਆਂ ਦਾ ਹੋ ਗਿਆ ਸੀ। ਸੀਮਾ ਦਾ ਪਤੀ ਰਾਜ ਛੋਟੀ ਜਿਹੀ ਨੌਕਰੀ ਕਰਦਾ ਸੀ ਤੇ ਘਰ ਦਾ ਗੁਜ਼ਾਰਾ ਮਸਾਂ ਚੱਲਦਾ ਸੀ। ਉਹ ਸ਼ਹਿਰ ਕਿਰਾਏ ਤੇ ਇੱਕ ਕਮਰੇ ਵਿੱਚ ਹੀ ਰਹਿੰਦੇ ਸਨ। ਉਸ ਦੇ ਮਕਾਨ ਮਾਲਕ ਅੱਧਖੜ੍ਹ ਉਮਰ ਦੇ ਪਤੀ ਪਤਨੀ ਦਾ ਜੋੜਾ ਸੀ। ਉਹਨਾਂ ਦੇ ਸਾਰੇ ਬੱਚੇ ਬਾਹਰ ਹੀ ਨੌਕਰੀਆਂ ਕਰਦੇ ਸਨ ਜੋ ਕਦੇ ਕਦਾਈਂ ਹੀ ਇਨ੍ਹਾਂ ਨੂੰ ਮਿ.ਲਣ ਆਉਂਦੇ ਸਨ। ਉਹਨਾਂ ਦਾ ਘਰ ਬਹੁਤ ਵੱਡਾ ਸੀ। ਘਰ ਦੇ ਵੱਡੇ ਸਾਰੇ ਵਿਹੜੇ ਦੇ ਇੱਕ ਖੂੰਜੇ ਵਿੱਚ ਇਹਨਾਂ ਦਾ ਕਮਰਾ ਰਸੋਈ ਤੇ ਗੁਸਲਖਾਨਾ ਅਲੱਗ ਹੀ ਬਣੇ ਹੋਏ ਸਨ। ਇੱਕ ਪਾਸੇ ਛੋਟਾ ਜਿਹਾ ਬ.ਗੀਚਾ ਵੀ ਸੀ। ਮਕਾਨ ਮਾਲਕਣ ਨੂੰ ਸੀਮਾ ਦਾ ਬਹੁਤ ਸੁਖ ਸੀ ਕਿਉਂ ਕਿ ਸੀਮਾ ਹੀ ਉਨ੍ਹਾਂ ਦੇ ਵੱਡੇ ਸਾਰੇ ਵਿਹੜੇ ਦੀ ਸਾਫ਼ ਸਫ਼ਾਈ ਦਾ ਧਿਆਨ ਰੱਖਦੀ ਸੀ। ਸਵੇਰੇ ਸ਼ਾਮ ਫੁੱਲ ਬੂਟਿਆਂ ਨੂੰ ਪਾਈਪ ਨਾਲ ਪਾਣੀ ਦੇ ਦਿੰਦੀ ਸੀ। ਉਹ ਕਦੇ ਢਿੱਲੀ ਮੱਠੀ ਹੁੰਦੀ ਤਾਂ ਉਸ ਨੂੰ ਖਾਣਾ ਵੀ ਬਣਾ ਕੇ ਦੇ ਆਉਂਦੀ। ਕੰਮ ਕਾਰ ਕਰਕੇ ਵਿਹਲੀਆਂ ਹੁੰਦੀਆਂ ਤਾਂ ਸੀਮਾ ਉਸ ਲਈ ਤੇ ਆਪਣੇ ਲਈ ਚਾਹ ਬਣਾ ਲੈਂਦੀ। ਇਸ ਤਰ੍ਹਾਂ ਜਦੋਂ ਤੋਂ ਉਹ ਵਿਆਹ ਤੋਂ ਬਾਅਦ ਸ਼ਹਿਰ ਆਏ ਸਨ ਉਹ ਇੱਥੇ ਹੀ ਟਿਕ ਕੇ ਰਹਿ ਰਹੇ ਸਨ। ਉਹ ਮਕਾਨ ਮਾਲਕਾਂ ਨੂੰ ਆਪਣੇ ਮਾਪਿਆਂ ਵਾਂਗੂੰ ਹੀ ਸਮਝਦੀ ਸੀ।

ਇੱਕ ਦਿਨ ਅਚਾਨਕ ਰਾਜ ਜਦੋਂ ਕੰਮ ਤੋਂ ਆ ਰਿਹਾ ਸੀ ਤਾਂ ਉਸ ਦਾ ਐਕਸੀਡੈਂਟ ਹੋ ਕੇ ਉਸ ਦੀ ਮੌਤ ਹੋ ਗਈ। ਸੀਮਾ ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਸੀ। ਉਸ ਦੇ ਅੱਗੇ ਪਿੱਛੇ ਕੋਈ ਨਹੀਂ ਸੀ। ਉਸ ਦੇ ਪੇਕੇ ਘਰ ਕੋਈ ਨਹੀਂ ਸੀ ਕਿਉਂਕਿ ਉਸ ਦਾ ਛੋਟਾ ਭਰਾ ਅੱਲ੍ਹੜ ਉਮਰ ਵਿੱਚ ਹੀ ਮਾਪਿਆਂ ਨਾ.ਲ ਲੜ ਕੇ ਕਿਤੇ ਚਲੇ ਗਿਆ ਸੀ ਮੁੜ ਕੇ ਕਦੇ ਪਰਤ ਕੇ ਨਹੀਂ ਆਇਆ ਸੀ ਤੇ ਬੁੱਢੇ ਮਾਂ ਬਾਪ ਵੀ ਉਸੇ ਦੇ ਗਮ ਵਿੱਚ ਦੋ ਤਿੰਨ ਸਾਲਾਂ ਵਿੱਚ ਹੀ ਜਹਾਨੋਂ ਰੁਖ਼ਸਤ ਹੋ ਗਏ ਸਨ। ਸਹੁਰੇ ਪਰਿਵਾਰ ਵਿੱਚ ਤਾਂ ਪਹਿਲਾਂ ਹੀ ਕੋਈ ਨਹੀਂ ਸੀ ਕਿਉਂਕਿ ਰਾਜ ਦੇ ਮਾਂ ਬਾਪ ਉਸ ਨੂੰ ਬਚਪਨ ਵਿੱਚ ਹੀ ਛੱਡ ਕੇ ਚਲੇ ਗਏ ਸਨ। ਉਸ ਦਾ ਪਿਤਾ ਨਸ਼ੇ ਦਾ ਆਦੀ ਸੀ ਤੇ ਜ਼ਿਆਦਾ ਨਸ਼ਾ ਲੈਣ ਕਾਰਨ ਮਰ ਗਿਆ ਸੀ। ਅੱਤ ਦੀ ਗਰੀਬੀ ਕਰਕੇ ਰਾਜ ਦੀ ਮਾਂ ਬਿਮਾਰੀ ਦਾ ਇਲਾਜ ਨਾ ਕਰਵਾ ਸਕਣ ਕਰ ਕੇ ਉਸ ਦੇ ਪਿਤਾ ਦੀ ਮੌਤ ਤੋਂ ਚਾਰ ਕੁ ਸਾਲ ਬਾਅਦ ਮਰ ਗਈ ਸੀ। ਰਾਜ ਹਜੇ ਮਸਾਂ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਉਸ ਤੋਂ ਬਾਅਦ ਉਸ ਦੇ ਚਾਚੇ ਨੇ ਉਸ ਨੂੰ ਪਾਲਿਆ ਤੇ ਪੜ੍ਹਾਇਆ। ਦਸ ਜਮਾਤਾਂ ਪੜ੍ਹਾ ਕੇ ਉਸ ਨੇ ਲੋੜਕੂ ਘਰ ਦੀ ਕੁੜੀ ਸੀਮਾ ਨਾ.ਲ ਵਿਆਹ ਦਿੱਤਾ ਤੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਗਿਆ ਸੀ।

ਇਸ ਦੁੱਖ ਦੀ ਘੜੀ ਵਿੱਚ ਸੀਮਾ ਨੂੰ ਕੋਈ ਸਹਾਰਾ ਨਜ਼ਰ ਨਹੀਂ ਆ ਰਿਹਾ ਸੀ। ਸੀਮਾ ਬਾਰਾਂ ਜਮਾਤਾਂ ਪੜ੍ਹੀ ਹੋਈ ਸੀ। ਰਾਜ ਦਾ ਭੋਗ ਪੈ ਗਿਆ ਸੀ। ਸੀਮਾ ਦਾ ਹੁਣ ਵਿਹਲੇ ਬੈਠ ਕੇ ਤਾਂ ਸਰਨਾ ਨਹੀਂ ਸੀ। ਬੱਚਿਆਂ ਵਾਂਗ ਉਸ ਦੀ ਜ਼ਿੰਮੇਵਾਰੀ ਸਮਝਦੇ ਹੋਏ ਮਕਾਨ ਮਾਲਕ ਨੇ ਨੇੜੇ ਹੀ ਇੱਕ ਹਸਪਤਾਲ ਵਿੱਚ ਉਸ ਨੂੰ ਕਹਿ ਕਹਾ ਕਿ ਛੋਟੀ ਜਿਹੀ ਨੌਕਰੀ ਤੇ ਲਵਾ ਦਿੱਤਾ। ਉਸ ਦੇ ਘਰ ਦਾ ਕਿਰਾਇਆ ਤੇ ਖਰਚਾ ਪਾਣੀ ਬੜੇ ਅਰਾਮ ਨਾਲ ਚੱਲਣ ਲੱਗਿਆ। ਉਸ ਨੇ ਆਪਣੇ ਢਾਈ ਸਾਲ ਦੇ ਪੁੱਤ ਨੂੰ ਨੇੜੇ ਹੀ ਛੋਟੇ ਬੱਚਿਆਂ ਦੇ ਸਕੂਲ ਵਿੱਚ ਦਾਖਲ ਕਰਵਾ ਦਿੱਤਾ ਸੀ। ਉਸ ਦੇ ਡਿਊਟੀ ਦੇ ਅੱਗੋਂ ਪਿੱਛੋਂ ਉਸ ਦੀ ਮਕਾਨ ਮਾਲਕਣ ਵੀ ਉਸ ਦੇ ਪੁੱਤਰ ਦਾ ਧਿਆਨ ਰੱਖਦੀ ਸੀ। ਉਸ ਦੀ ਜ਼ਿੰਦਗੀ ਲੀਹ ਤੇ ਤੁਰ ਪਈ ਸੀ। ਉਸ ਨੂੰ ਨੌਕਰੀ ਤੇ ਲੱਗੀ ਨੂੰ ਸਾਲ ਹੋਣ ਵਾ.ਲਾ ਸੀ। ਉਹ ਕਦੇ ਕਿਸੇ ਨਾ.ਲ ਫਾਲਤੂ ਗੱਲ ਨਾ ਕਰਦੀ ਤੇ ਆਪਣੇ ਕੰਮ ਤੱਕ ਮਤਲਬ ਰੱਖਦੀ।

ਇੱਕ ਦਿਨ ਉੱਥੇ ਲੱਗੇ ਅੱਧਖੜ੍ਹ ਉਮਰ ਦੇ ਢਿੱਡਲ ਜਿਹੇ ਓਮ ਪ੍ਰਕਾਸ਼ ਸੁਪਰਵਾਈਜ਼ਰ ਨੇ ਉਸ ਨਾ.ਲ ਕੋਈ .ਗਲਤ ਹਰਕਤ ਕੀਤੀ ਤਾਂ ਉਹ ਚੁੱਪ ਹੋ ਗਈ ਕਿ ਜੇ ਕਿਤੇ ਉਸ ਨੇ ਰੌ.ਲਾ ਪਾਇਆ ਤਾਂ ਕਿਤੇ ਉਸ ਨੂੰ ਨੌਕਰੀ ਤੋਂ ਹੀ ਨਾ ਕੱਢ ਦੇਣ। ਉਹ ਬੰਦਾ ਉਸ ਦੀ ਚੁੱਪ ਦਾ ਫ਼ਾਇਦਾ ਉਠਾਉਣ ਲੱਗਿਆ ਤੇ ਰੋਜ਼ ਉਸ ਦੇ ਅੱਗੇ ਪਿੱਛੇ ਗੇੜੇ ਕੱਢਦਾ ਰਹਿੰਦਾ। ਜਦ ਸੀਮਾ ਉਸ ਨੂੰ ਕੋਈ ਜਵਾਬ ਨਾ ਦਿੰਦੀ ਤਾਂ ਉਹ ਹਸਪਤਾਲ ਵਿੱਚ ਲੋਕਾਂ ਸਾਹਮਣੇ ਹੀ ਉੱਚੀ ਅਵਾਜ਼ ਵਿੱਚ ਉਸ ਦੀ ਬੇਜ਼ਤੀ ਕਰਦਾ। ਇੱਕ ਦਿਨ ਉਸ ਦਾ ਹੱਥ ਫ਼ੜ ਕੇ ਉਸ ਨੂੰ ਆਪਣੇ ਵੱਲ ਖਿੱਚਣ ਲੱਗਾ ਤਾਂ ਸੀਮਾ ਨੇ ਉਸ ਦੇ ਮੂੰਹ ਤੇ ਜ਼ੋਰ ਨਾਲ ਚਪੇੜ ਮਾਰੀ। ਉਹ ਗੁੱਸੇ ਵਿੱਚ ਲਾਲ ਪੀ.ਲਾ ਹੁੰਦਾ ਹੈ ਤੇ ਉਸ ਨੂੰ ਫੜ ਕੇ ਆਪਣੇ ਵੱਡੇ ਅਫ਼ਸਰ ਕੋ.ਲ ਲੈ ਗਿਆ ਤੇ ਲੱਗਿਆ ਸ਼ਿਕਾਇਤਾਂ ਕਰਨ,"....ਸਰ ਇਹ ਬਦਤਮੀਜ਼ ਔਰਤ ਦੀ ਹਿੰਮਤ ਦੇਖੋ....ਇਸ ਨੂੰ ਹਜੇ ਸਾਲ ਨੀ ਹੋਇਆ ਐਥੇ ਲੱਗੀ ਨੂੰ....ਸਾਰਾ ਦਿਨ ਮੇਰੇ ਤੇ ਡੋਰੇ ਪਾਉਣ ਨੂੰ ਮੇਰੇ ਪਿੱਛੇ ਪਿੱਛੇ ਘੁੰਮਦੀ ਰਹਿੰਦੀ ਆ....ਸਰ ਜੀ ਅੱਜ ਤਾਂ ਹੱਦ ਈ ਕਰ ਦਿੱਤੀ...ਮੇਰਾ ਹੱਥ ਫੜ ਕੇ ਮੈਨੂੰ ਆਪਣੇ ਨਾਲ ਵਿਆਹ ਕਰਵਾਉਣ ਨੂੰ ਕਹਿਣ ਲੱਗੀ...ਜਦ ਮੈਂ ਜਵਾਬ ਦਿੱਤਾ ਤੇ ਦੱਸਿਆ ਕਿ ਮੇਰੇ ਤਾਂ ਬੱਚੇ ਵੱਡੇ ਨੇ....ਮੇਰੀ ਘਰਵਾਲੀ ਹੈ..... ਤਾਂ ਇਸ ਨੇ ਮੇਰੇ ਮੂੰਹ ਤੇ ਚਪੇੜ ਮਾਰੀ....ਇਹੋ ਜਿਹੀ ਚਰਿਤ੍ਰਹੀਣ ਔਰਤ ਤੋਂ ਰੱਬ ਬਚਾਵੇ.... ਅਸੀਂ ਇੱਜ਼ਤ ਵਾ.ਲੇ ਲੋਕ ਹੁੰਦੇ ਆਂ....!" ਸੀਮਾ ਕੰਬਦੀ ਹੋਈ ਲੜਖੜਾਉਂਦੀ ਜ਼ੁਬਾਨ ਨਾ.ਲ ਆਪਣੀ ਸਫ਼ਾਈ ਵਿੱਚ ਕੁਝ ਬੋਲਣ ਹੀ ਲੱਗੀ ਸੀ ਕਿ ਅਫ਼ਸਰ ਕੜਕ ਕੇ ਸੀਮਾ ਤੇ ਬੋਲਿਆ, "ਸੀਮਾ ....ਸਾਡੀ ਸੰਸਥਾ ਵਿੱਚ....ਐਥੇ ਤੇਰੀਆਂ ਨੀਚ ਹਰਕਤਾਂ ਨੀ ਚੱਲਣੀਆਂ ... ਓਮ ਪ੍ਰਕਾਸ਼ ਜੀ ਨੂੰ ਸਾਡੇ ਨੌਕਰੀ ਕਰਦੇ ਨੂੰ ਵੀਹ ਸਾਲ ਹੋ ਗਏ ਹਨ.... ਉਹਨਾਂ ਦੀ ਡਿਊਟੀ ਕੰਮ ਕਰਵਾਉਣ ਦੇ ਨਾਲ ਨਾਲ ਤੇਰੇ ਵਰਗੀਆਂ ਦੀਆਂ ਗਲਤ ਹਰਕਤਾਂ ਤੇ ਰੱਖਣ ਦੀ ਵੀ ਹੈ....ਇੱਥੇ ਇੱਜ਼ਤਦਾਰ ਲੋਕ ਹੀ ਨੌਕਰੀ ਕਰ ਸਕਦੇ ਹਨ....(ਓਮ ਪ੍ਰਕਾਸ਼ ਵੱਲ ਮੂੰਹ ਕਰਕੇ) ਇਸ ਦਾ ਅੱਜ ਹੀ ਹਿਸਾਬ ਚੁਕਤਾ ਕਰ ਕੇ ਘਰ ਦਾ ਰਸਤਾ ਦਿਖਾਓ...!"

ਸੀਮਾ ਆਪਣਾ ਸਮਾਨ ਚੁੱਕਣ ਜਾਂਦੀ ਹੈ ਤਾਂ ਉਸ ਦੇ ਪਿੱਛੇ ਪਿੱਛੇ ਓਮ ਪ੍ਰਕਾਸ਼ ਜਾਂਦਾ ਹੋਇਆ ਕਹਿੰਦਾ ਹੈ,"ਦੇਖ ਲੈ ....ਜੇ ਨੌਕਰੀ ਕਰਨੀ ਐਂ ਤਾਂ.... ਮੈਂ ਸਾਬ੍ਹ ਨੂੰ ਕਹਿਕੇ ਤੈਨੂੰ ਮਾਫ਼ ਕਰਵਾ ਦੇਵਾਂਗਾ....!" ਸੀਮਾ ਕੁਝ ਨਹੀਂ ਬੋਲਦੀ... ਚੁੱਪ ਚਾਪ ਆਪਣਾ ਸਮਾਨ ਚੁੱਕ ਕੇ ਹਿਸਾਬ ਕਿਤਾਬ ਕਰਵਾਉਣ ਲਈ ਕਲਰਕ ਦੇ ਦਫ਼ਤਰ ਵਿੱਚ ਜਾਂਦੀ ਹੈ। ਉੱਥੇ ਹੀ ਮਗਰੇ ਮਗਰ ਓਮ ਪ੍ਰਕਾਸ਼ ਆ ਗਿਆ ਤੇ ਇੱਕ ਕੁਰਸੀ ਤੇ ਬੈਠ ਗਿਆ । ਉਹ ਉਸ ਵੱਲ ਨਜ਼ਰਾਂ ਚੜ੍ਹਾ ਕੇ ਵਹਿਸ਼ੀ ਬਿਰਤੀ ਨਾਲ ਤੱਕ ਰਿਹਾ ਸੀ। ਸੀਮਾ ਨਿਗ੍ਹਾ ਝੁਕਾਈ ਖੜ੍ਹੀ ਸੀ। ਉਸ ਦੇ ਦਿਮਾਗ ਤੇ ਆਪਣੇ ਭਵਿੱਖ ਨੂੰ ਲੈ ਕੇ ਤੇ ਅੱਜ ਵਾ.ਲੀ ਘਟਨਾ ਕਰਕੇ ਬਹੁਤ ਬੋਝ ਸੀ। ਕਲਰਕ ਜਦ ਉਸ ਨੂੰ ਪੈਸੇ ਦੇਣ ਲੱਗਿਆ ਤਾਂ ਓਮ ਪ੍ਰਕਾਸ਼ ਨੇ ਮੂਹਰੇ ਹੋ ਕੇ ਆਪ ਪੈਸੇ ਫੜ ਲਏ ਤੇ ਸੀਮਾ ਨੂੰ ਆਪ ਪੈਸੇ ਫੜਾਉਣ ਲੱਗਾ। ਉਸ ਨੇ ਫਿਰ ਕੋਝੀ ਹਰਕਤ ਕੀਤੀ ਤੇ ਉਸ ਦਾ ਹੱਥ ਘੁੱਟ ਲਿਆ। ਇਸ ਵਾਰ ਇਸ ਗੱਲ ਦਾ ਗਵਾਹ ਕੋ.ਲ ਬੈਠਾ ਬਜ਼ੁਰਗ ਕਲਰਕ ਸੀ ਜੋ ਮਕਾਨ ਮਾਲਕ ਦਾ ਰਿਸ਼ਤੇਦਾਰ ਸੀ। ਸੀਮਾ ਨੂੰ ਬਹੁਤ ਗੁੱਸਾ ਆਇਆ ਤੇ ਇਸ ਵਾਰ ਇੱਕ ਨਹੀਂ ਸਗੋਂ ਕਈ ਚਪੇੜਾਂ ਲਗਾਤਾਰ ਉਸ ਦੇ ਮੂੰਹ ਤੇ ਜੜ ਦਿੱਤੀਆਂ (ਸੀਮਾ ਪੂਰਾ ਦੁਰਗਾ ਦਾ ਰੂਪ ਬਣ ਗਈ ਸੀ) ਤੇ ਆਖਿਆ,".... ਤੂੰ ਇੱਕ ਅਬਲਾ ਦੀ ਮਜ਼ਬੂਰੀ ਦਾ ਫਾਇਦਾ ਉਠਾ ਰਿਹਾ ਹੈਂ.... ਆ.... ਤੈਨੂੰ ਇੱਜ਼ਤਾਂ ਵਾਲੇ ਨੂੰ ਮੈਂ ਸਬਕ ਸਿਖਾਵਾਂ.... ਚੱਲ ਉਸ ਅਫਸਰ ਕੋ.ਲ ਲੈ ਕੇ ਜਾਵਾਂ...." (ਉਸ ਨੂੰ ਕਾਲਰ ਤੋਂ ਫੜ ਕੇ ਘੜੀਸਦੀ ਹੋਈ) .... ਅਫ਼ਸਰ ਦੇ ਦਫ਼ਤਰ ਤੱਕ ਲਿਜਾ ਕੇ ਉਸ ਨੂੰ ਅਫ਼ਸਰ ਵੱਲ ਨੂੰ ਵਗਾਹ ਕੇ ਮਾਰਦੀ ਹੈ ਤੇ ਚੀਕ ਚੀਕ ਕੇ ਸਾਰੀ ਸਚਾਈ ਦੱਸਦੀ ਹੈ। ਐਨੇ ਨੂੰ ਬਜ਼ੁਰਗ ਕਲਰਕ ਵੀ ਉੱਥੇ ਪਹੁੰਚ ਜਾਂਦਾ ਹੈ। ਉਹ ਵੀ ਅਫ਼ਸਰ ਨੂੰ ਸਾਰੀ ਸਚਾਈ ਦੱਸਦਾ ਹੈ ," ਸਾਬ੍ਹ.... ਸੀਮਾ ਬੇਟੀ ਸੱਚ ਬੋਲਦੀ ਹੈ....ਇਸ ਗੱਲ ਨੂੰ ਮੈਂ ਬਹੁਤ ਦਿਨਾਂ ਤੋਂ ਨੋਟਿਸ ਰਿਹਾ ਸੀ...ਇਹ ਹਮੇਸ਼ਾ ਉਸ ਤੋਂ ਡਰੀ ਡਰੀ ਤੇ ਸਹਿਮੀ ਰਹਿੰਦੀ ਸੀ.... ਅੱਜ ਇਸ ਦੀ ਦਲੇਰੀ ਵੇਖ ਕੇ ਮੈਨੂੰ ਖੁਸ਼ੀ ਹੋਈ ਹੈ....ਕਿ ਕਿਸੇ ਨੇ ਤਾਂ ਇਸ ਖ਼ਿਲਾਫ਼ ਅਵਾਜ਼ ਉਠਾਉਣ ਦੀ ਹਿੰਮਤ ਕੀਤੀ ਹੈ....ਇਹ ਪਹਿਲਾਂ ਵੀ ਕਈ ਕੁੜੀਆਂ ਨਾ.ਲ....(ਕਹਿੰਦਾ ਕਹਿੰਦਾ ਚੁੱਪ ਕਰ ਗਿਆ) ....!" ਅਫ਼ਸਰ ਸੱਚ ਸੁਣ ਕੇ ਹੱਕਾ ਬੱਕਾ ਰਹਿ ਗਿਆ ਸੀ ਤੇ ਉਸ ਦੀ ਚੁੱਪ ਦਾ ਮਤਲਬ ਸਮਝ ਗਿਆ ਸੀ। ਉਸ ਨੇ ਉਸੇ ਸਮੇਂ ਸੁਪਰਵਾਈਜ਼ਰ ਓਮ ਪ੍ਰਕਾਸ਼ ਨੂੰ ਨੌਕਰੀ ਤੋਂ ਕੱਢ ਦਿੱਤਾ। ਸੀਮਾ ਦੀ ਤਰੱਕੀ ਕਰਕੇ ਉਸ ਨੂੰ ਪੱਕਾ ਕਰ ਦਿੱਤਾ ਸੀ। ਸੀਮਾ ਨੇ ਆਪਣੀ ਜ਼ਿੰਦਗੀ ਦੇ ਅਗਲੇ ਵੀਹ ਸਾਲ ਇਸ ਹਸਪਤਾਲ ਦੀ ਨੌਕਰੀ ਦੇ ਸਿਰ ਤੇ ਕੱਢ ਲਏ ਸਨ। ਉਸ ਦਾ ਪੁੱਤਰ ਜਵਾਨ ਹੋ ਗਿਆ ਸੀ, ਅਫ਼ਸਰ ਬਣ ਗਿਆ ਸੀ ਤੇ ਦੂਜੇ ਸ਼ਹਿਰ ਨੌਕਰੀ ਕਰਨ ਲੱਗ ਪਿਆ ਸੀ ਤੇ ਉੱਥੇ ਹੀ ਸਰਕਾਰੀ ਕੁਆਟਰ ਵੀ ਮਿ.ਲ ਗਿਆ ਸੀ। ਉਂਝ ਤਾਂ ਚਾਹੇ ਉਹ ਆਪਣੇ ਪੁੱਤਰ ਨਾ.ਲ ਹੀ ਚਲੀ ਜਾਂਦੀ ਪਰ ਮਾਲਕਣ ਬਹੁਤ ਬਜ਼ੁਰਗ ਹੋ ਗਈ ਸੀ ਤੇ ਮਕਾਨ ਮਾਲਕ ਦੀ ਦੋ ਕੁ ਸਾਲ ਪਹਿਲਾਂ ਮੌਤ ਹੋ ਗਈ ਸੀ। । ਜਿਹੜੇ ਮਕਾਨ ਮਾਲਕਾਂ ਨੇ ਉਸ ਨੂੰ ਮਾਪਿਆਂ ਵਰਗਾ ਆਸਰਾ ਦਿੱਤਾ ਸੀ ਉਹ ਉਸ ਨੂੰ ਐਨੀ ਬਿਰਧ ਅਵਸਥਾ ਵਿੱਚ ਛੱਡ ਕੇ ਨਹੀਂ ਜਾ ਸਕਦੀ ਸੀ। ਮਾਲਕਣ ਦੇ ਬੱਚਿਆਂ ਨੂੰ ਵੀ ਸੀਮਾ ਦੇ ਸਿਰ ਤੇ ਕੋਈ ਫ਼ਿਕਰ ਨਹੀਂ ਸੀ।ਕਈ ਲੋਕ ਤਾਂ ਸੀਮਾ ਨੂੰ ਉਹਨਾਂ ਦੀ ਧੀ ਹੀ ਸਮਝ ਲੈਂਦੇ ਸਨ। ਦੋ ਕੁ ਸਾਲ ਬਾਅਦ ਮਕਾਨ ਮਾਲਕਣ ਵੀ ਕੁਝ ਦਿਨ ਬੀਮਾਰ ਰਹਿ ਕੇ ਚੜ੍ਹਾਈ ਕਰ ਗਈ। ਉਸ ਦੀ ਧੀ ਤਾਂ ਕੁਝ ਦਿਨ ਪਹਿਲਾਂ ਹੀ ਆ ਗਈ ਸੀ,ਉਸ ਦੇ ਅਕਾਲ ਚਲਾਣੇ ਤੋਂ ਬਾਅਦ ਦੋ ਨੂੰਹਾਂ ਪੁੱਤਰ ਵੀ ਆ ਗਏ। ਮਾਲਕਣ ਦਾ ਸਸਕਾਰ ਕਰਨ ਤੋਂ ਬਾਅਦ ਘਰ ਆ ਕੇ ਸ਼ਾਮ ਨੂੰ ਬੀਬੀ ਦੀਆਂ ਅਲਮਾਰੀਆਂ ਵਿੱਚੋਂ ਕਾਗਜ਼ ਪੱਤਰ ਫਰੋਲਣ ਲੱਗੇ। ਨੂੰਹਾਂ ਪੁੱਤਰ ਤੇ ਧੀ ਪੈਸਿਆਂ ਬਾਰੇ ਘੁਸਰ ਮੁਸਰ ਗੱਲਾਂ ਕਰਨ ਲੱਗੇ।

ਮਾਲਕਣ ਦੀ ਔਲਾਦ ਨੂੰ ਬੀਬੀ ਦੇ ਜਾਣ ਦਾ ਦੁੱਖ ਘੱਟ ਸੀ ਤੇ ਉਸ ਦੇ ਗਹਿਣੇ ਗੱਟੇ, ਪੈਸੇ ਧੇਲੇ ਦੀ ਚਿੰਤਾ ਵੱਧ ਸੀ। ਜਿਸ ਦਿਨ ਉਸ ਦਾ ਭੋਗ ਪਿਆ, ਸ਼ਾਮ ਨੂੰ ਸਾਰੇ ਜਣੇ ਇਕੱਠੇ ਬੈਠੇ ਸੀਮਾ ਨੂੰ ਕੋ.ਲ ਬੁਲਾਉਂਦੇ ਹਨ ਤੇ ਉਸ ਦੀ ਧੀ ਪੁੱਛਣ ਲੱਗੀ,"...ਬੀਬੀ ਨੇ ਤੈਨੂੰ ਕੋਈ ਗਹਿਣਾ ਗੱਟਾ ਜਾਂ ਪੈਸਾ ਧੇਲਾ ਤਾਂ ਨੀ ਫੜਾਇਆ ਹੋਇਆ ਸੀ...ਪੇਟੀ ਚੋਂ ਸਿਰਫ਼ ਵੀਹ ਹਜ਼ਾਰ ਨਿਕ.ਲਿਆ....ਓਹਦੇ ਕੋ.ਲ ਤਾਂ ਵੱਧ ਹੋਣੇ ਚਾਹੀਦੇ ਸੀ....?"


"ਨਹੀਂ ਭੈਣ ਜੀ.... ਮੈਂ ਤਾਂ ਓਹਨਾਂ ਦੀ ਸੇਵਾ ਕਰਦੀ ਸੀ ਆਪਣੀ ਮਾਂ ਸਮਝ ਕੇ...... ਮੈਨੂੰ ਪੈਸੇ ਧੇਲੇ ਜਾਂ ਗਹਿਣਿਆਂ ਨਾਲ ਕੋਈ ਮਤਲਬ ਨੀ ਸੀ....!" ਸੀਮਾ ਆਖਣ ਲੱਗੀ।

"ਦੇਖ਼ ਲੈ....ਯਾਦ ਕਰ ਲੈ....ਕੁਛ ਹੋਵੇ...ਬੀਬੀ ਨੇ ਤੈਨੂੰ ਦਿੱਤਾ....?" ਵੱਡੀ ਨੂੰਹ ਬੋਲੀ।

"...ਭੈਣ ਜੀ ਤੁਸੀਂ ਮੇਰੀ ਸੇਵਾ ਦਾ ਫ਼ਲ ਇਹ ਦੇ ਰਹੇ ਹੋ.... ਤੁਹਾਨੂੰ ਮੇਰੇ ਤੇ ਸ਼ੱਕ ਕਰਨ ਤੋਂ ਪਹਿਲਾਂ ਸੌ ਵਾਰੀ ਸੋਚਣਾ ਚਾਹੀਦਾ ਸੀ...!" ਸੀਮਾ ਰੋਹ ਵਿੱਚ ਆ ਕੇ ਬੋਲੀ।

"ਅਸੀਂ ਇੱਜ਼ਤਾਂ ਵਾਲੇ ਲੋਕ ਹੁੰਦੇ ਆਂ.... ਜ਼ਿਆਦਾ ਉੱਚੀ ਬੋਲਣ ਦੀ ਲੋੜ ਨੀ.... ਨਾ.ਲੇ ਚੋਰ ਨਾ.ਲੇ ਚਤਰ.... ਆਪਣਾ ਕਮਰਾ ਚੈੱਕ ਕਰਵਾ ਦੇ...ਤੇ ਹਫ਼ਤੇ ਵਿੱਚ ਖਾਲੀ ਕਰਕੇ ਜਾਹ.... ਅਸੀਂ ਇਹ ਘਰ ਵੇਚਕੇ ਪੈਸੇ ਵੰਡਣੇ ਨੇ...ਕਿਰਾਏਦਾਰਨੀ ਆਂ ਤੇ ਕਿਰਾਏਦਾਰਨੀ ਬਣ ਕੇ ਰਹਿ...!" ਮਾਲਕਣ ਦਾ ਵੱਡਾ ਮੁੰਡਾ ਬੋਲਿਆ।

ਸੀਮਾ ਚੁੱਪ ਚਾਪ ਉਹਨਾਂ ਸਭ ਨੂੰ ਆਪਣੇ ਕਮਰੇ ਵਿੱਚ ਲੈ ਜਾਂਦੀ ਹੈ ਤੇ ਉਹ ਸਾਰੇ ਜਦ ਉਸ ਦਾ ਕਮਰਾ ਫ਼ਰੋਲ ਰਹੇ ਸਨ ਤਾਂ ਸੀਮਾ ਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਉਹ ਇੱਜ਼ਤਾਂ ਵਾਲੇ ਲੋਕ ਆਪਣੀ ਮਾਂ ਦਾ ਸਿਵਾ ਫ਼ਰੋਲ ਰਹੇ ਹੋਣ।



ਬਰਜਿੰਦਰ ਕੌਰ ਬਿਸਰਾਓ...
9988901324


AMBEDKAR INTERNATIONAL MISSION LONDON
Sīla • Samādhi • Paññā
AMBEDKAR INTERNATIONAL MISSION, LONDON
Pays Homage to
THE GREAT DR BABASAHEB AMBEDKAR
On the occasion of his 135th Birth Anniversary
Sunday, 10th May, 2026
From 2 pm (sharp) until 6 pm
At Elmhurst School, Upton Park Road, London, E7 8JY
Sir Stephen Timms MP, Minister of State (Department for Work and Pensions) will be in attendance from 3 pm
The Indian Hign Commission, the Mayor of Newham, and local dignitaries are invited
HONORARY GUEST
Gaurav J. Pathania is Assistant Professor of Sociology & Peacebuilding at Eastern Mennonite University, Virginia. He is an Ambedkar'ite scholar, activist, poet and a community organiser in the USA.
SPECIAL TRIBUTE
Special tributes will be paid to Mr. Prem Chand Mann, Mr. Hari Ram Leal and Mr. Gurdial Chand Banger, who all passed away recently. A great loss to the Mission.
All are cordially invited along with family, friends and relatives
Cultural Entertainment
Bhai Tejinder Singh Lallianwale and Giani Onkar Singh
Speeches and Poetry
Lunch (Langar) will be strictly served between 12 noon - 1:30 pm only
Mr. Prem Chand Mann's family will provide Langar in honour, respect and in memory of Mr. Prem Chand Mann.
Transport and Parking
Nearest Underground: Upton Park, District, Hammersmith and City lines.
The venue is 10 minutes' walk from Upton Park Underground Station
Free parking at Elmhurst Primary School
Contact:
Tel. 07751-668926

# ਬੱਚਿਆਂ ਦੀ ਜਿੰਦਗੀ ਵਿੱਚ ਮਾਪਿਆਂ ਦਾ ਹੋਣਾ ਬਹੁਤ ਜਰੂਰੀ

ਸਾਰਿਆਂ ਦੇ ਮਾਪੇ ਚਾਹੁੰਦੇ ਹਨ ਕਿ ਉਨਾਂ ਦੇ ਬੱਚੇ ਚੰਗੇ ਸੁਭਾਅ,ਸ਼ਿਸ਼ਟਾਚਾਰ,ਨਿਮ-ਰਤਾ,ਬਜੁਰਗਾਂ ਦਾ ਸਤਿਕਾਰ,ਦੇਸ਼ ਅਤੇ ਪਰਿਵਾਰ ਪ੍ਰਤੀ ਜਿੰਮੇਵਾਰ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਭਰਪੂਰ ਹੋਣ।ਪਰ ਜਦੋਂ ਉਹ ਆਪਣੇ ਬੱਚਿਆਂ ਵਿੱਚ ਇਹਨਾਂ ਕਦਰਾਂ ਕੀਮਤਾਂ ਦੀ ਘਾਟ ਦੇਖਦੇ ਹਨ ਤਾਂ ਉਹ ਅਕਸਰ ਚਿੰਤਤ ਹੋ ਜਾਂਦੇ ਹਨ ਅਤੇ ਸੋਚਦੇ ਹਨ ਕਿ ਉਹ ਕਿੱਥੇ ਗਲਤ ਹੋ ਰਹੇ ਹਨ ਤੇ ਸਾਡੇ ਸਮਝਾਉਣ ਵਿੱਚ ਕਿਹੜੀਆਂ ਕਮੀਆਂ ਰਹਿ ਗਈਆਂ ਹਨ।ਜਦੋਂ ਉਹ ਕੁੱਝ ਨਹੀ ਸਮਝ ਪਾਉਦੇ ਤਾਂ ਉਹ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ।ਅੱਜ ਸਮਾਂ ਬਹੁਤ ਬੁਰਾ ਚੱਲ ਰਿਹਾ ਹੈ ਇਸ ਲਈ ਬੱਚੇ ਭਟਕ ਰਹੇ ਹਨ।ਵਿਡੰਬਨਾ ਇਹ ਹੈ ਕਿ ਅਸੀ ਦੂਸਰਿਆਂ ਨੂੰ ਦੋਸ਼ ਦੇਣ ਦੀ ਬਜਾਇ,ਅਸੀ ਆਪਣੇ ਆਪ ਵਿੱਚ ਹੀ ਸਵੈ-ਮੁਲਾਕਣ ਨਹੀ ਕਦੇ ਕਿ ਉਹ ਆਪਣੇ ਬੱਚਿਆਂ ਦੇ ਸਰਪ੍ਰਸਤ ਵਜੋਂ ਕਿੰਨਾਂ ਕੁ ਖਰੇ ਉਤਰ ਰਹੇ ਹਨ ਅਤੇ ਕਿੰਨੀਆਂ ਕੁ ਜਿੰਮੇਵਾਰੀ ਨਿਭਾ ਰਹੇ ਹਾਂ।

ਸੰਯੁਕਤ ਪਰਿਵਾਰ ਤਾਂ ਹੁਣ ਬਸ ਆਲੋਪ ਹੋਣ ਦੇ ਕੰਢੇ ਤੇ ਹੀ ਹੈ,ਜਿੱਥੇ ਦਾਦਾ ਦਾਦੀ ਬੱਚਿਆਂ ਵਿੱਚ ਕਦਰਾਂ-ਕੀਮਤਾਂ ਦੀਆਂ ਸਾਂਝਾਂ ਪੈਦਾ ਕਰਦੇ ਸਨ ਅਤੇ ਚਾਚਾ ਚਾਚੀ ਉਹਨਾਂ ਨੂੰ ਬਹੁਤ ਸਾਰਾ ਪਿਆਰ ਅਤੇ ਸਨੇਹ ਨਾਲ ਭਰ ਕੇ ਉਹਨਾਂ ਦੇ ਵਿਕਾਸ ਵਿੱਚ ਹਿੱਸਾ ਪਾਉਦੇ ਸਨ।ਬੱਚੇ ਆਪਣੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਹੇਠ ਇਕ ਸਿਹਤਮੰਦ ਵਾਤਾਵਰਣ ਵਿੱਚ ਵੱਡੇ ਹੁੰਦੇ ਸਨ।ਹੁਣ ਨਵੇ ਜ਼ਮਾਨੇ ਦਾ ਪਰਿਵਾਰ ਯੁੱਗ ਹੈ ਜਿਸ ਵਿੱਚ ਪਤੀ ਪਤਨੀ ਦੋਵੇਂ ਕੰਮ ਕਰਦੇ ਹਨ।ਉਹ ਦੋਵੇ ਸਵੇਰੇ ਜਲਦੀ ਘਰੋਂ ਨਿਕਲ ਜਾਂਦੇ ਹਨ ਅਤੇ ਦੇਰ ਰਾਤ ਨੂੰ ਥੱਕੇ ਹੋਏ ਘਰ ਵਾਪਸ ਆਉਦੇ ਹਨ।ਉਸ ਦੌਰਾਨ ਬੱਚਾ ਕਿਸੇ ਹੋਰ ਦੀ ਦੇਖ-ਰੇਖ ਵਿੱਚ ਹੁੰਦਾ ਹੈ।ਇਸ ਦੀ ਵਜਾ ਕਰਕੇ ਬੱਚੇ ਦਾ ਬਚਪਨ ਇਕੱਲਤਾ ਦੇ ਘੇਰੇ ਵਿੱਚ ਘਿਰਿਆ ਹੁੰਦਾ ਹੈ।ਅਗਰ ਛੋਟਾ ਪਰਿਵਾਰ ਇਕੱਠਾ ਵੀ ਹੁੰਦਾ ਹੈ ਤਾਂ ਰਾਤ ਦੇ ਸੌਣ ਤੋਂ ਪਹਿਲਾਂ ਭੋਜਨ ਕਰਨ ਦੇ ਸਮੇਂ ਹੀ ਸਿਰਫ਼ ਇਕੱਠੇ ਹੁੰਦਾ ਹੈ।ਉਥੇ ਵੀ ਸੀਮਤ ਗੱਲਬਾਤ ਹੀ ਹੁੰਦੀ ਹੈ,ਸੀਮਤ ਸਮਾਂ ਹੀ ਹੁੰਦਾ ਹੈ।ਪਰਿਵਾਰ ਦੇ ਅੰਦਰ ਅੰਦਰੂਨੀ ਪਿਆਰ ਦੀ ਬਹੁਤ ਘਾਟ ਹੁੰਦੀ ਹੈ।ਇਸ ਦੌਰਾਨ ਜੋ ਬੱਚਿਆਂ ਦੇ ਮਨ ਵਿੱਚ ਚਲ ਰਹੀਆਂ ਸਮੱਸਿਆਵਾਂ ਹੁੰਦੀਆਂ ਹਨ ਉਨਾਂ ਨਾਲ ਉਹ ਇਕੱਲਾ ਹੀ ਨਿਪਟਦਾ ਹੈ।ਇਹ ਸਥਿੱਤੀ ਬੱਚਿਆਂ ਨੂੰ ਜ਼ਿੱਦੀ,ਬਦਸਲੂਕੀ ਅਤੇ ਬੇਕਾਬੂ ਬਣਾ ਦਿੰਦੀ ਹੈ।ਬੱਚੇ ਆਪਣੇ ਦਿਲ ਦੀ ਭੜਾਸ ਨੂੰ ਫਿਰ ਕਿਸੇ ਨਾ ਕਿਸੇ ਅਲੱਗ ਤਰੀਕੇ ਨਾਲ ਕੱਢਦੇ ਹਨ।ਜਦੋ ਕਿਸੇ ਬੱਚੇ ਦੀ ਕੋਈ ਗੱਲ ਨਹੀ ਸੁਣਦਾ ਤਾਂ ਉਹ ਫਿਰ ਆਪਣੀ ਗੱਲ ਸੁਣਾਉਣ ਦੇ ਲਈ ਗਲਤ ਤਰੀਕਾ ਹੀ ਅਪਣਾਉਦਾ ਹੈ।

ਅੱਜ ਕਲ ਸਮੱਸਿਆ ਇਹ ਆ ਰਹੀ ਹੈ ਕਿ ਪਰਿਵਾਰ ਦੇ ਮੈਂਬਰ ਅਤੇ ਮਾਂ ਪਿਓ ਵੀ ਬੱਚਿਆਂ ਨਾਲ ਕੁੱਝ ਗੱਲਬਾਤ ਕਰਨ ਦੀ ਬਜਾਇ ਟੈਲੀਵਿਜ਼ਨ,ਸਮਾਰਟਫੋਨ,ਟੈਬਲੈਟ ਅਤੇ ਕੰਪਿਊਟਰ ਵਿੱਚ ਹੀ ਰੁੱਝੇ ਹੋਏ ਰਹਿੰਦੇ ਹਨ,ਬੱਚਿਆਂ ਦੀ ਦੇਖਭਾਲ ਨੈਨੀਆ ਜਾਂ ਡੇਅਕੇਅਰ ਸੈਂਟਰਾਂ ਵਿੱਚ ਹੀ ਕੀਤੀ ਜਾਦੀ ਹੈ।ਜਿੱਥੇ ਬੱਚੇ ਘਰਦਿਆਂ ਜਾਂ ਮਾਂ ਪਿਓ ਦੀ ਨਿਗਰਾਨੀ ਵਿੱਚ ਨਹੀ ਹੁੰਦੇ।ਫਿਰ ਬੱਚਿਆਂ ਨੂੰ ਜੋ ਸਿਖਾਉਣਾ ਹੈ ਉਹਨਾਂ ਨੇ ਬੱਚੇ ਵੀ ਤਾਂ ਉਹੀ ਸਿੱਖਣਗੇ ਜੋ ਉਹ ਸਿਖਾਉਣਗੇ।ਬੱਚੇ ਆਪਣਾ ਬਹੁਤਾ ਸਮ੍ਹਾਂ ਆਪਣੇ ਪਰਿਵਾਰਕ ਮੈਂਬਰਾਂ ਤੋਂ ਬਿੰਨਾਂ ਹੀ ਬਿਤਾਉਦੇ ਹਨ,ਜਿਸ ਦਾ ਉਨਾਂ ਬੱਚਿਆਂ ਤੇ ਬੁਰਾ ਪ੍ਰਭਾਵ ਪੈਦਾ ਹੈ।ਬੱਚੇ ਫਿਰ ਆਪਣੀ ਮਨ-ਮਾਨੀ ਕਰਦੇ ਹਨ,ਜੋ ਉਨਾਂ ਨੂੰ ਪਸੰਦ ਹੈ ਉਹ ਕਰਦੇ ਹਨ,ਅਤੇ ਬੱਚੇ ਉਹ ਸੱਭ ਕੁੱਝ ਕਰਦੇ ਹਨ ਜੋ ਉਹਨਾਂ ਨੂੰ ਨਹੀ ਕਰਨਾ ਚਾਹੀਦਾ।

ਕੋਈ ਵੀ ਬੱਚਾ ਸੱਭ ਕੁੱਝ ਸਿੱਖ ਕੇ ਪੈਦਾ ਨਹੀ ਹੁੰਦਾ,ਉਹ ਆਪਣੇ ਆਪ ਤੋਂ,ਆਪਣੇ ਆਲੇ-ਦੁਆਲੇ ਘਰਦਿਆਂ ਤੋਂ ਅਤੇ ਲੋਕਾਂ ਤੋਂ ਹੀ ਸਿੱਖਦਾ ਹੈ।ਦੁੱਖ ਦੀ ਗੱਲ ਇਹ ਹੈ ਕਿ ਬੱਚਿਆਂ ਨੂੰ ਹੁਣ ਮਾਪਿਆਂ ਵਲੋਂ ਸਮਰਥਨ ਬਹੁਤ ਘੱਟ ਮਿਲ ਰਿਹਾ ਹੈ।ਉਹ ਬਾਹਰੋਂ ਜੋ ਸਿੱਖਦੇ ਹਨ,ਉਹ ਹੀ ਅੰਦਰੂਨੀ ਤੌਰ ਤੇ ਸਿੱਖ ਜਾਂਦੇ ਹਨ।ਜੋ ਕੁੱਝ ਵੀ ਹੈ,ਉਹ ਉਨਾਂ ਕੋਲ ਉਵੇਂ ਹੀ ਆਉਦਾ ਹੈ,ਜਿਵੇਂ ਉਹ ਚਾਹੁੰਦੇ ਹਨ,ਇਸ ਦਾ ਇਹ ਮਤਲਬ ਹੋਇਆ ਕਿ ਉਹਨਾਂ ਕੋਲ ਸਹੀ ਅਤੇ ਗਲਤ ਦੋਵੇਂ ਹੀ ਚੀਜ਼ਾ ਪਹੁੰਚ ਰਹੀਆਂ ਹਨ।ਬੱਚਾ ਸਹੀ ਅਤੇ ਗਲਤ ਨੂੰ ਸਮਝਣ ਵਿੱਚ ਅਸਮਰੱਥ ਹੁੰਦਾ ਹੈ,ਇਸ ਲਈ ਜੇਕਰ ਬੱਚਿਆਂ ਵਿੱਚ ਕਦਰਾਂ ਕੀਮਤਾਂ ਅਤੇ ਸੰਵੇਦਨਸ਼ੀਲਤਾ ਦੀ ਘਾਟ ਹੈ ਤਾਂ ਉਨਾਂ ਦਾ ਪਰਿਵਾਰ ਉਹਨਾਂ ਲਈ ਸੱਭ ਤੋਂ ਵੱਡਾ ਖਤਰਾ ਹੈ।

ਜਿੱਥੋਂ ਤੱਕ ਸਕੂਲਾਂ ਦਾ ਸਵਾਲ ਹੈ,ਉਹ ਬੱਚਿਆਂ ਨੂੰ ਸਹੀ ਗਿਆਨ ਦੇ ਸਕਦੇ ਹਨ।ਪਰ ਉਹ ਉਹਨਾਂ ਬੱਚਿਆਂ ਨੂੰ ਵਿਵਹਾਰਕ,ਸਮਾਜਿਕ, ਸ਼ਿਸ਼ਟਾਚਾਰ ਅਤੇ ਨੈਤਿਕਤਾ ਦਾ ਗਿਆਨ ਨਹੀ ਸਿਖਾ ਸਕਦੇ।ਬੱਚੇ ਆਮ ਤੌਰ 'ਤੇ ਇਹ ਗੱਲਾਂ ਆਪਣੇ ਪਰਿਵਾਰ ਵਿੱਚ ਹੀ ਸਿੱਖਦੇ ਹਨ।ਅਕਸਰ,ਛੋਟੀ ਉਮਰ ਦੇ ਬੱਚੇ ਛੋਟੀ ਉਮਰ ਤੋਂ ਹੀ ਪਲੇ ਸਕੂਲ,ਡੇਅਕੇਅਰ ਅਤੇ ਨੈਨੀਆਂ ਵਿੱਚ ਹੁੰਦੇ ਹਨ ਉਹ ਬਹੁਤ ਸਾਰੀਆਂ ਗੱਲਾਂ ਨਹੀ ਸਿੱਖ ਕੇ ਆਉਦੇ।ਉਹ ਵਿਵਹਾਰਕ ਗਿਆਨ ਤੋਂ ਬਿਲਕੁਲ ਅਣਜਾਣ ਰਹਿੰਦੇ ਹਨ ਅਤੇ ਆਪਣੀ ਹਰ ਜਰੂਰਤ ਲਈ ਦੂਜਿਆਂ ਤੇ ਨਿਰਭਰ ਹੋ ਜਾਦੇ ਹਨ।ਬੱਚੇ ਆਪਣੇ ਮਾਪਿਆਂ ਤੋਂ ਸਿੱਖਦੇ ਹਨ ਕਿ ਦੁਨੀਆਂ ਵਿੱਚ ਕਿਵੇਂ ਵਿਚਰਨਾ ਹੈ,ਅਤੇ ਆਪਣੇ ਵਿੱਚ ਆਤਮ ਵਿਸ਼ਵਾਸ਼ ਕਿਵੇ ਪੈਦਾ ਕਰਨਾ ਹੈ।ਬੱਚੇ ਸੱਭ ਤੋਂ ਵੱਧ ਦੁੱਖੀ ਛੋਟੇ ਪਰਿਵਾਰ ਹੁੰਦੇ ਹਨ,ਕਿਉਕਿ ਉਹ ਮੰਨਦੇ ਹਨ ਕਿ ਸਾਡੀ ਪਰਵਰਿਸ਼ ਸਹੀ ਢੰਗ ਨਾਲ ਨਹੀ ਹੋ ਰਹੀ ਅਤੇ ਨਾ ਲਾਡ ਪਿਆਰ ਪੂਰਾ ਮਿਲ ਰਿਹਾ ਹੈ।ਉਹ ਆਪਣੀਆਂ ਪਰੰਪਰਾਵਾਂ ਅਤੇ ਤਿਉਹਾਰਾਂ ਤੋਂ ਬਿਲਕੁਲ ਅਣਜਾਣ ਹੀ ਰਹਿੰਦੇ ਹਨ।

ਬੱਚਿਆਂ ਦੇ ਸਮੁੱਚੇ ਵਿਕਾਸ ਦੇ ਲਈ ਇਹ ਬਹੁਤ ਜਰੂਰੀ ਹੈ ਕਿ ਮਾਂ ਪਿਓ ਉਹਨਾਂ ਨਾਲ ਢੁੱਕਵਾਂ ਸਮਾਂ ਬਿਤਾਉਣ।ਉਨਾਂ ਨੂੰ ਉਹਨਾਂ ਦੀਆਂ ਵਿੱਤੀ ਇਛਾਵਾਂ ਦੇ ਲਈ ਖੁੱਦ ਭੁਗਤਾਨ ਕਰਨ,ਬੱਚਿਆਂ ਨੂੰ ਉਹਨਾਂ ਦਾ ਬਣਦਾ ਲਾਡ-ਪਿਆਰ,ਸੁਰੱਖਿਆ ਮਿਲਣਾ ਚਾਹੀਦਾ ਹੈ।ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨਾ ਇਕ ਮਾਪਿਆਂ ਦੀ ਨੈਤਿਕ ਜਿੰਮੇਦਾਰੀ ਬਣਦੀ ਹੈ।ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਇਮਾਨਦਾਰੀ,ਅਨੁਸ਼ਾਸਨ, ਸਹਿਣਸ਼ੀਲਤਾ,ਦੂਜਿਆਂ ਲਈ ਸਤਿਕਾਰ ਅਤੇ ਜਿੰਮੇਵਾਰੀ ਵਰਗੇ ਚੰਗੇ ਗੁਣ ਸਿੱਖਣ ਲਈ ਉਤਸਾਹਤ ਕਰਨਾ ਚਾਹੀਦਾ ਹੈ।

ਜਦੋਂ ਬੱਚੇ ਆਪਣੇ ਮਾਪਿਆਂ ਅਤੇ ਪਰਿਵਾਰਕ ਮੈਬਰਾਂ ਨੂੰ ਸੱਚਾਈ ਸਖਤ ਮਿਹਨਤ,ਨਿਮ-ਰਤਾ ਅਤੇ ਸਾਦਗੀ ਨਾਲ ਜਿੰਦਗੀ ਜਿਉਦੇ ਦੇਖਦੇ ਹਨ,ਤਾਂ ਉਹ ਬੱਚੇ ਉਹੀ ਅਪਣਾ ਸਕਦੇ ਹਨ ਅਤੇ ਫਿਰ ਉਹੀ ਚੀਜ਼ਾਂ ਖੁੱਦ-ਬ-ਖੁੱਦ ਸਿੱਖਦੇ ਹਨ।

ਬੱਚੇ ਆਪਣੀ ਮਾਨਸਿਕ ਸਮੱਸਿਆਵਾਂ ਨੂੰ ਇਕ ਚੰਗੇ ਸਰਪ੍ਰਸਤ ਅਤੇ ਮਾਪਿਆਂ ਨਾਲ ਖੁੱਲ ਕੇ ਸਾਂਝਾ ਕਰਦੇ ਹਨ।ਇਹ ਉਨਾਂ ਦੇ ਭਾਵਨਾਤਮਕ ਵਿਕਾਸ ਵਿੱਚ ਯੋਗਦਾਨ ਪਾਂਉਦਾ ਹੈ।ਮਾਪਿਆਂ ਦੀ ਜਿੰਮੇਵਾਰੀ ਸਿਰਫ਼ ਆਪਣੇ ਬੱਚਿਆਂ ਦੀਆਂ ਜਰੂਰੀ ਜਰੂਰਤਾਂ ਨੂੰ ਪੂਰਾ ਕਰਨਾ ਹੀ ਨਹੀ ਹੈ,ਬਲਕਿ ਉਨਾਂ ਨੂੰ ਅਨੁਸ਼ਾਸਿਤ,ਸਿੱਖਿਅਤ,ਸੰਸਕ੍ਰਿਤ ਅਤੇ ਇਕ ਉਜਵਲ ਭਵਿੱਖ ਦੀ ਨੀਂਹ ਲਈ ਵੀ ਹੈ।ਜਦੋਂ ਮਾਪੇ ਜਿੰਮੇਵਾਰੀ,ਸਮਝ ਅਤੇ ਸੰਵੇਦਨਸ਼ੀਲਤਾ ਨਾਲ ਆਪਣੇ ਫ਼ਰਜ਼ ਨਿਭਾਉਦੇ ਹਨ,ਤਾਂ ਬੱਚੇ ਜਿੰਮੇਵਾਰ,ਸੁਚੱਜੇ ਅਤੇ ਸੱਭਿਅਕ ਨਾਗਰਿਕ ਬਣਦੇ ਹਨ।ਸਾਨੂੰ ਆਪਣੀਆਂ ਸਹੂਲਤਾਂ ਦੇ ਦੇਖਭਾਲ ਕਰਦੇ ਹੋਏ ਆਪਣੇ ਬੱਚਿਆਂ ਨਾਲ ਬੇਇੰਸਾਫ਼ੀ ਨਾ ਕਰਨ ਦਾ ਧਿਆਨ ਰੱਖਣਾ ਚਾਹੀਦਾ ਹੈ,ਹਰ ਬੱਚੇ ਦੀਆਂ ਬਚਪਨ ਦੀਆਂ ਮੁੱਢਲੀਆਂ ਜਰੂਰਤਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ,ਕਿਉਕਿ ਉਨਾਂ ਦਾ ਬਚਪਨ ਕਦੇ ਵਾਪਸ ਨਹੀ ਆਵੇਗਾ।



**ਅਮਰਜੀਤ ਚੰਦਰ**
**ਲੁਧਿਆਣਾ**

# ਵਿਆਹੇ ਬਿਨਾਂ ਸਬੰਧ, ਲੋੜ, ਮਜ਼ਬੂਰੀ ਜਾਂ ਚਸਕਾ?

ਵਿਆਹ ਤੋਂ ਬਿਨਾਂ ਸਬੰਧ ਕੋਈ ਨਵੀਂ ਗੱਲ ਨਹੀਂ ਹੈ।ਇਹ ਸਦੀਆਂ ਪੁਰਾਣਾ ਸਮਾਜਿਕ ਕਲੰਕ ਹੈ।ਬੇਸ਼ਕ ਸਮੇਂ ਸਮੇਂ ਇਸ ਦਾ ਸਰੂਪ ਬਦਲਦਾ ਰਿਹਾ ਹੈ।ਪਰ ਇਸ ਦੀ ਜੜ੍ਹ ਇੱਕ ਹੀ ਹੈ ਕਾਮ ਵਾਸਨਾ।ਲੋਕ ਆਪਣੇ ਇਸ ਅਸਮਾਜਿਕ ਅਤੇ ਘਿਰਣਾਤਮਕ ਸਬੰਧਾਂ ਨੂੰ ਮਜਬੂਰੀ/ ਲਚਾਰੀ ਦੱਸ ਕੇ ਜਾਇਜ਼ ਠਹਰਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।

ਇੱਕ ਸਮਾਂ ਸੀ ਜਦੋਂ ਦੇਸ਼ ਦੇ ਰਾਜੇ ਮਹਾਂਰਾਜੇ ਜਾਂ ਹੋਰ ਤਾਕਤਵਰ ਲੋਕ,ਸੋਹਣੀਆਂ ਸੁਨੱਖੀਆਂ ਔਰਤਾਂ ਨੂੰ,ਤਾਕਤ ਦੇ ਜ਼ੋਰ ਨਾਲ,ਜ਼ਬਰਦਸਤੀ ਚੁੱਕ ਕੇ,ਬਿਨਾਂ ਵਿਆਹੇ,ਆਪਣੇ ਹਰਮ ਚ,ਦਾਸੀ ਬਣਾ ਕੇ ਰੱਖਿਆ ਕਰਦੇ ਸਨ,ਅਤੇ ਉਨ੍ਹਾਂ ਦਾ ਯੌਨ ਸੋਸ਼ਣ ਕਰਿਆ ਕਰਦੇ ਸਨ।ਰਾਜਿਆਂ ਮਹਾਂ ਰਾਜਿਆਂ ਦੀਆਂ ਮਹਿਫ਼ਲਾਂ ਚ,ਉਸ ਰਾਜੇ ਦੀ ਇੱਕ ਵੱਖਰੀ ਹੀ ਸ਼ਾਨ ਹੋਇਆ ਕਰਦੀ,ਜਿਸ ਦੇ ਹਰਮ 'ਚ ਖੂਬਸੂਰਤ ਅਤੇ ਕਾਮੁਕ ਦਾਸੀਆਂ ਦੀ ਭਰਮਾਰ ਹੋਇਆ ਕਰਦੀ ਸੀ। ਕਿਸੇ ਸਮੇਂ ਭਾਰਤ ਦੇ ਦੱਖਣੀ ਰਾਜਾਂ ਵਿੱਚ,ਧੀਆਂ ਨੂੰ,ਦੇਵਦਾਸੀ ਦੇ ਬਣਾ ਕੇ,ਮੰਦਰਾਂ 'ਚ ਚੜਾਵੇ ਦੇ ਰੂਪ ਛੱਡ ਦਿੱਤਾ ਜਾਂਦਾ ਸੀ।ਜੋ ਪੁਜਾਰੀਆਂ ਦੀ ਹਵਸ਼ ਦਾ ਸ਼ਿਕਾਰ ਬਣਦੀਆਂ ਸਨ ।ਅੱਗੇ ਚੱਲ ਕੇ,ਕੁਝ ਲਾਲਚੀ ਅਤੇ ਚਾਲਬਾਜ਼ ਲੋਕਾਂ ਨੇ,ਮਜਬੂਹ ਔਰਤਾਂ ਨੂੰ,ਵਰਗਲਾ ਕੇ ਜਾਂ ਡਰਾ ਕੇ ਵੇਸਵਾ ਪੁਣੇ ਚ ਧਕੇਲਣਾਂ ਸ਼ੁਰੂ ਕਰ ਦਿੱਤਾ।ਇਹਨਾਂ ਔਰਤਾਂ ਦੀ ਮਜ਼ਬੂਰੀ,ਲਚਾਰੀ ਅਤੇ ਬੇਬੱਸੀ ਸਮਝੀ ਜਾ ਸਕਦੀ ਹੈ।ਪਰ ਅੱਜ ਬਿਨਾਂ ਵਿਆਹੇ ਇਕੱਠੇ ਰਹਿਣਾਂ, ਜਿਸ ਲਿਵ ਇਨ ਰਿਲੇਸ਼ਨ ਕਿਹਾ ਜਾ ਰਿਹਾ ਹੈ,ਇਹ ਸੱਭ ਪੱਛਮੀ ਸੱਭਿਅਤਾ ਤੋਂ ਪ੍ਰਭਾਵਿਤ ਹੋ ਕੇ,ਆਪਣੇ ਆਪ ਨੂੰ ਆਧੁਨਿਕ,ਅਤੇ ਅਗਾਂਹਵਧੂ ਦਿਖਾਉਣ ਲਈ,ਔਰਤਾਂ ਵਲੋਂ ਬਿਨਾਂ ਕਿਸੇ ਮਜ਼ਬੂਰੀ/ਲਚਾਰੀ,ਬੇਝਿਜਕ ਹੋ ਕੇ ਖੁਸ਼ੀ ਖੁਸ਼ੀ ਕੀਤਾ ਜਾ ਰਿਹਾ ਹੈ।

ਅੱਜ ਦੇ ਨੋਜਵਾਨ ਬੱਚੇ, ਜਦੋਂ ਛੋਟੇ ਕਸਬਿਆਂ ਜਾਂ ਪਿੰਡਾਂ ਦੇ ਤੰਗ ਮਾਹੋਲ ਵਿੱਚੋਂ ਨਿਕਲ ਕੇ,ਬੜੇ ਵਿਕਸਿਤ ਸ਼ਹਿਰਾਂ ਵਿੱਚ ਜਾਂਦੇ ਹਨ, ਤਾਂ ਉੱਥੋ ਦੀ ਤੜਕ ਭੜਕ ਅਤੇ ਰੰਗੀਨ ਜਿੰਦਗੀ ਦੇਖ ਕੇ,ਉਹ ਹੀਣ ਭਾਵਨਾ ਦੇ ਸ਼ਿਕਾਰ ਹੋ ਜਾਂਦੇ ਹਨ।ਆਪਣੇ ਦਫਤਰ ਜਾਂ ਸਰਕਲ ਦੇ ਲੋਕਾਂ 'ਚ ਪ੍ਰਭਾਵ ਜਮਾਉਣ ਲਈ ਉਹ ਲਿਵ ਇਨ ਰਿਲੇਸ਼ਨ 'ਚ ਰਹਿਣ ਲਗਦੇ ਹਨ।ਨਾ ਤਾਂ ਇਹ ਉਨ੍ਹਾਂ ਦੀ ਕੋਈ ਲੋੜ ਹੁੰਦੀ ਹੈ,ਨਾ ਹੀ ਕੋਈ ਮਜ਼ਬੂਰੀ। ਇਕੱਠੇ ਰਹਿਣ ਕਾਰਣ ਉਨ੍ਹਾਂ ਚ ਸ਼ਰੀਰਕ ਸਬੰਧ ਬਣ ਜਾਂਦੇ ਹਨ। ਕਿਉਂਕਿ ਕਦੇ ਵੀ,ਕੋਈ ਵੀ ਗੈਰ ਸਮਾਜਿਕ ਰਿਸ਼ਤਾ ਜਿਆਦਾ ਦੇਰ ਤੱਕ ਨਹੀਂ ਚੱਲ ਸਕਦਾ,ਇਸੇ ਲਈ ਅਸੀਂ,ਇਸ ਲਿਵ ਇਨ ਰਿਲੇਸ਼ਨ ਦਾ ਦਰਦਨਾਕ ਅੰਤ ਅਕਸਰ ਅਖਵਾਰਾਂ ਚ ਪੜਦੇ ਸੁਣਦੇ ਰਹਿੰਦੇ ਹਾਂ।ਮੇਰਾ ਮੰਨਣਾ ਹੈ ਕਿ ਵਿਆਹ ਬਿਨਾਂ ਸਬੰਧ,ਨਾ ਲੋੜ ਹੈ ਨਾ ਕੋਈ ਮਜ਼ਬੂਰੀ, ਇਹ ਪੱਛਮੀ ਸੱਭਿਅਤਾ ਦੀ ਉਹ ਫੈਸ਼ਨ ਹੈ,ਜੋ ਸਾਡੀਆਂ ਸਮਾਜਿਕ ਕਦਰਾਂ ਕੀਮਤਾਂ ਨੂੰ ਕੋਹੜ ਦੀ ਤਰ੍ਹਾਂ ਬਰਬਾਦ ਕਰਦਾ ਜਾ ਰਿਹਾ ਹੈ ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# "ਬੁੱਧ ਪੂਰਨਿਮਾ" 'ਤੇ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਪੰਚਸ਼ੀਲ ਦਾ ਝੰਡਾ ਲਹਿਰਾਇਆ ਗਿਆ

## ਤਥਾਗਤ ਬੁੱਧ ਨੇ ਸ਼ਾਂਤੀ, ਅਹਿੰਸਾ, ਪ੍ਰੇਮ ਅਤੇ ਬਰਾਬਰੀ ਦਾ ਸੰਦੇਸ਼ ਦਿੱਤਾ











**ਜਲੰਧਰ, 2 ਮਈ (ਪਰਮਜੀਤ ਜੱਸਲ)**-ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਅਤੇ ਨਗਰ ਨਿਵਾਸੀਆਂ ਵਲੋਂ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਬੁੱਧ ਪੂਰਨਿਮਾ ਉਤਸਵ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੁੱਧ ਵੰਦਨਾ ,ਤ੍ਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਕਰਨ ਉਪਰੰਤ ਰਮਜੂ ਰਾਮ ਸੈਕਟਰ ਇੰਚਾਰਜ ਬਸਪਾ ਸੋਫੀ ਪਿੰਡ, ਗੁਰਮੀਤ ਸਾਂਪਲਾ ,ਪਰਸੂ ਰਾਮ ਅਤੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਨੇ ਮਿਲ ਕੇ ਪੰਚਸ਼ੀਲ ਦਾ ਝੰਡਾ ਲਹਿਰਾਇਆ । ਸਕੂਲ ਦੇ ਵਿਦਿਆਰਥੀਆਂ ਨੇ ਤਥਾਗਤ ਬੁੱਧ ਦੇ ਜੀਵਨ ਫਲਸਫੇ 'ਤੇ ਗੀਤ ,ਕਵਿਤਾਵਾਂ ਅਤੇ ਭਾਸ਼ਣ ਦਿੱਤੇ। ਇਸ ਮੌਕੇ 'ਤੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਕਿਹਾ ਕਿ ਅੱਜ ਤਥਾਗਤ ਬੁੱਧ ਜੈਅੰਤੀ ਪੂਰੇ ਵਿਸ਼ਵ ਭਰ ਵਿੱਚ ਮਨਾਈ ਜਾ ਰਹੀ ਹੈ। ਉਹਨਾਂ ਵਧਾਈ ਦਿੰਦਿਆਂ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਹੀ ਸ਼ਾਂਤੀ, ਸਮਾਨਤਾ ,ਸੁਤੰਤਰਤਾ ਤੇ ਭਾਈਚਾਰੇ ਨੂੰ ਅਪਣਾਇਆ ਅਤੇ ਵਿਸ਼ਵ ਨੂੰ ਇਸ ਰਸਤੇ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸ਼੍ਰੀਮਤੀ ਸੰਤੋਸ਼ ਸਾਂਪਲਾ ਜੀ ਨੇ ਤਥਾਗਤ ਬੁੱਧ ਦੀਆ ਸਿੱਖਿਆਵਾਂ 'ਤੇ ਚੱਲਣ ਲਈ ਕਿਹਾ। ਮਾਸਟਰ ਹਰਜਿੰਦਰ ਕੁਮਾਰ ਬਸਪਾ ਆਗੂ ਜਲੰਧਰ ਕੈਂਟ ਨੇ ਕਿਹਾ ਕਿ ਤਥਾਗਤ ਬੁੱਧ ਨੇ ਹਮੇਸ਼ਾ ਤਰਕ ਦੇ ਅਧਾਰ 'ਤੇ ਮਨੁੱਖ ਨੂੰ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਪ੍ਰੇਰਿਆ। ਡਾ.ਗੁਰਪਾਲ ਚੌਹਾਨ ਨੇ ਇਸ ਮੌਕੇ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਤਥਾਗਤ ਬੁੱਧ ਦੁਆਰਾ ਦਿੱਤੇ " ਪੰਚਸ਼ੀਲ " ਨੂੰ ਆਪਣੀ ਜ਼ਿੰਦਗੀ 'ਚ ਗ੍ਰਹਿਣ ਕਰਨ ਨਾਲ ਸਾਡਾ ਦੇਸ਼ ਸੁੱਖਮਈ ਹੋ ਸਕਦਾ ਹੈ। ਸ਼੍ਰੀ ਚਮਨ ਸਾਂਪਲਾ ਸਾਂਪਲਾ ਨੇ ਵੀ ਤਥਾਗਤ ਬੁੱਧ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਨਾ ਦਿੱਤੀ। ਇਹਨਾਂ ਤੋਂ ਇਲਾਵਾ ਲਹਿੰਬਰ ਬੰਗੜ,ਮਨਜੀਤ ਕੌਰ ਸਾਂਪਲਾ, ਪਰਵੀਨ ਕੁਮਾਰੀ ਤੇ ਰਜਨੀ (ਨੰਬਰਦਾਰ ਰੂਪ ਲਾਲ ਦੀਆਂ ਬੇਟੀਆਂ), ਸ਼੍ਰੀਮਤੀ ਕਾਂਤਾ ਸਾਂਪਲਾ, ਸ੍ਰੀ ਗੁਰੂ ਰਵਿਦਾਸ ਸਭਾ ਸੋਫੀ ਪਿੰਡ ਦੇ ਪ੍ਰਧਾਨ ਕੁਲਦੀਪ ਕੁਮਾਰ ਅਤੇ ਹੋਰ ਵੀ ਸਾਥੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ 'ਤੇ ਭਾਗ ਲੈਣ ਵਾਲੇ ਬੱਚਿਆਂ ਦਾ ਵੀ ਸਨਮਾਨ ਕੀਤਾ ਗਿਆ। ਇਹਨਾਂ ਤੋਂ ਇਲਾਵਾ ਡਾ. ਅਵਿਨਾਸ਼ ਚੰਦਰ,ਨਰੇਸ਼ ਸਾਂਪਲਾ, ਮਨਜੀਤ ਸਿੰਘ ਸਾਬਕਾ ਮੈਨੇਜਰ, ਗੌਤਮ ਸਾਂਪਲਾ, ਮਿਸਟਰ ਰੱਤੂ ,ਮਾਸਟਰ ਵਿਨੋਦ, ਗੁਰਪ-ਾਲ ਸਿੰਘ ਪਾਲਾ, ਤੁਲਸੀ ਦਾਸ ਸਾਂਪਲਾ, ਬਨਾਰਸੀ ਦਾਸ ਨੰਗਲ ਕਰਾੜ ਖਾਂ, ਬਿੰਦਰ ਸਾਂਪਲਾ, ਜਸਵੰਤ ਰਾਏ, ਕੋਮਲ, ਸੁੱਖੀ,ਸੱਤਿਆ, ਕਮਲੇਸ਼ ,ਸੁਰਿੰਦਰ ਕੌਰ , ਜਸਕਰਨ ਰਾਣੀ,ਬੇਟੀ ਜਸਮੀਨ, ਨੇਹਾ, ਸੀਰਤ, ਸੋਫੀਆ, ਮੰਜੂ, ਅਰਸ਼ਦੀਪ ,ਵੀਰਾਂ ,ਸਿਧਾਰਥ, ਵਰੁਣ ,ਨਿਸ਼ਾਂਤ ,ਰੱਜਤ ,ਅਦਿਤਿਆ, ਦੀਪਾਲੀ ,ਤਰਿਸ਼ਾ ਅਤੇ ਸੁਹਾਨੀ ਹੋਰ ਬਹੁਤ ਸਾਰੇ ਭਾਰੀ ਗਿਣਤੀ ਵਿੱਚ ਉਪਾਸਕ ਹਾਜ਼ਰ ਸਨ। ਸ਼੍ਰੀ ਸੋਹਣ ਲਾਲ ਸਾਂਪਲਾ ਜਰਮਨੀ, ਕਸ਼ਮੀਰ ਕੌਰ ਸਾਂਪਲਾ ਯੂ.ਕੇ. ਅਤੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਫੋਨ ਰਾਹੀਂ ਬੁੱਧ ਜੈਅੰਤੀ 'ਤੇ ਵਧਾਈ ਦਿੱਤੀ । ਖੀਰ ਦਾ ਲੰਗਰ ਵੀ ਵਰਤਾਇਆ ਗਿਆ।

# Dr. Ambedkar's Historical Role in Labour Welfare

**(special on 1 May International Workers Day)**

**(Asian independent)** Bhimrao Ramji Ambedkar played a foundational and often underappreciated role in shaping labour welfare policy in modern India. His contributions were not limited to constitutional ideals but extended deeply into practical labour reforms during his tenure as Labour Member in the Viceroy's Executive Council (1942–1946). His work laid the groundwork for many rights and protections that Indian workers continue to benefit from today.

Institutional and Policy Leadership

As Labour Member under British India, Ambedkar was effectively the Labour Minister. In this capacity, he transformed labour governance from a colonial, exploitative framework into a more welfare-oriented system. He emphasized the need for state intervention to protect workers from unregulated capitalism.

He was instrumental in strengthening the International Labour Organization framework within India, aligning Indian labour policies with international standards.

Reduction of Working Hours

One of Ambedkar's most significant achievements was the introduction of the 8-hour workday in India. Before this reform, industrial workers often laboured for 12–14 hours a day under harsh conditions.

This reform brought India in line with global labour standards and marked a major shift toward humane working conditions.

Social Security Measures

Ambedkar strongly believed that political democracy must be accompanied by economic security. He advocated for and initiated several social security measures, including:

Maternity benefits for women workers, Compensation for workplace injuries and Provident fund schemes

These measures later influenced legislation such as the Employees' State Insurance Act, 1948 and the Employees' Provident Funds and Miscellaneous Provisions Act, 1952.

Protection of Women Labour

Ambedkar was a strong advocate for gender justice in labour. He introduced policies ensuring:

Paid maternity leave, Restrictions on underground work for women in mines and Equal wages and improved working conditions

His approach was progressive for its time and aligned with his broader vision of social justice.



Trade Union Rights and Industrial Relations


Ambedkar recognized the importance of collective bargaining and supported the growth of trade unions. He worked toward:

Legal recognition of Trade Unions, Mechanisms for industrial dispute resolution and Promotion of tripartite labour conferences (government, employers, workers)

His efforts helped institutionalize dialogue and reduce industrial conflict.

Minimum Wages and Fair Conditions

Although the Minimum Wages Act, 1948 was enacted after independence, Ambedkar's ideas significantly influenced its framework. He consistently argued that labour is not a commodity and must be compensated fairly to ensure a dignified life.



**SR Darapuri, National President, All India Peoples Front**

Labour Welfare Funds and Housing

Ambedkar advocated for welfare funds to support workers' housing, health, and education. He emphasized that industrial development must include provisions for workers' well-being beyond the workplace.

. Constitutional Vision for Labour Welfare

As Chairman of the Drafting Committee of the Indian Constitution, Ambedkar embedded labour welfare into the Directive Principles of State Policy (Article: 39, 41, 42 and 43), including:

Right to work, Just and humane conditions of work, Living wage and Public assistance in cases of unemployment, sickness, and old age

These principles reflect his belief that democracy must ensure social and economic justice.

Broader Philosophical Contribution

Ambedkar's labour philosophy was rooted in dignity, equality, and social justice. Influenced by thinkers like Karl Marx but distinct in approach, he rejected violent revolution and instead advocated constitutional methods for achieving labour rights.

Conclusion

Dr. Ambedkar's contribution to labour welfare was transformative. He shifted the focus from mere economic productivity to human dignity and social justice. Many of the labour protections in contemporary India trace their origins to his vision and policy initiatives.

He exhorted the workers to unite not only to fight for Workers Rights but also to unite to win political power.

His work reminds us that labour welfare is not just an economic issue but a moral and constitutional imperative central to a just society.

# Life Sentence for Sikh Woman Attack Welcomed by Community Leaders

THE ASIAN INDEPENDENT UK
PRESS RELEASE
Indian Workers Association (Great Britain)
Date: 29 April 2026

Community leaders have welcomed the life sentence handed down to John Ashby for the rape and assault of a Sikh woman in the West Midlands, describing the court's decision as an important step in delivering justice.

Ashby was sentenced at Birmingham Crown Court after admitting the violent attack on a Sikh woman at her home in Walsall in October 2025. He was given a life sentence and must serve a minimum term of around 13½ years before he can be considered for parole. During the assault he used racist and anti-Muslim abuse, apparently believing the victim was Muslim, although she was in fact a Sikh woman.

The case attracted widespread concern across the country and received significant media coverage.

Responding to the sentence, Sital Singh Gill, General Secretary of the Indian Workers Association (Great Britain), welcomed the court's decision but said the case highlighted the wider issue of hate-motivated violence.



Sital Singh Gill, General Secretary of the Indian Workers Association (Great Britain)

He noted that community organisations had come together to condemn racism and violence against women, including a large public meeting organised in Leicester with Kohinoor Radio. The meeting was addressed by Preet Kaur Sher Gill MP and Shockat Adam MP, alongside representatives from faith groups, trade unions and the anti-racism organisation Stand Up to Racism.

Gill also pointed to concerns that anti-Sikh hate crimes may be around 20% higher than official figures suggest, as many incidents are recorded under broader racially aggravated offences. He added that the true number may be significantly higher due to many anti-Sikh incidents going unreported.

He further said the community hopes justice will also be delivered in the separate case involving a Sikh woman in Oldbury.

Gill said:
"Violence against women can never be justified. An attack on any woman — regardless of religion, race or background — is an attack on all."

# NZ and India sign Free Trade Agreement

**THE ASIAN INDEPENDENT UK**

The free trade deal between India and New Zealand has recently concluded. For India, this isn't just about selling more goods; it's about creating jobs, lowering costs for factories, and making it easier for talented Indians to work abroad.



The agreement benefits the Indian and the national economy.

1. A Boost for "Made in India"
Previously, Indian products like t-shirts, leather shoes, and jewelry faced taxes (duties) when they arrived in New Zealand, making them more expensive than products from other countries. Now, these taxes have been removed. This means Indian factories can sell more goods, which leads to more production and, ultimately, more jobs for workers in textile hubs like Surat or leather centers like Kanpur.

2. Help for Small Businesses and Artisans
India is famous for unique products like Darjeeling Tea or specialized handicrafts. This deal legally protects these "Geographical Indications" in New Zealand. This ensures that only authentic Indian products can be sold under those names, preventing fakes and helping Indian artisans get a fair price for their traditional work.


**Bal Ram Sampla**
**Geopolitics**

3. New Doors for Skilled Professionals
One of the biggest wins for India is the "Human Capital" aspect. The deal includes special visas for 5,000 Indian professionals. This isn't just for software engineers; it includes:
(1)Traditional Experts: Yoga teachers and Ayurvedic practitioners can now easily share Indian wellness traditions in New Zealand.
(2)Technicians: Indian chefs and hospitality workers will find it much easier to get work permits, helping them gain international experience and send money back home.

4. Cheaper Materials for Indian Factories
To make high-quality products, Indian industries often need specific raw materials. New Zealand is a major producer of high-quality wool, wood, and metal scraps. By removing taxes on these items, the cost of raw materials for Indian furniture makers and clothing brands goes down. When it costs less to make something, the final product becomes cheaper for Indian consumers, too.

5. Billions in New Investment
Beyond just trading goods, New Zealand has committed to investing $20 billion into India over the next 15 years. This money will likely flow into infrastructure, technology, and green energy. This massive "cash injection" helps build the roads, ports, and power plants India needs to continue growing.

Conclusion
In short, this trade deal makes India more competitive on the world stage. It protects traditions, lowers the cost of doing business, and creates a "bridge" for Indian talent to reach new shores. It is a win-win that turns a long-distance friendship into a powerful economic partnership.

References
1.https://www.pib.gov.in/PressReleasePage.aspx?PRID=2255914&hl=en-GB&reg=3&lang=2
2.www.beehive.govt.nz/release/historic-nz-india-fta-signed-new-delhi
3.https://www.asiamediacentre.org.nz/new-zealand-and-india-sign-historic-trade-agreement?hl=en-GB

# International Day of Equality – Engaging the Indian Diplomacy

**SAMAJ WEEKLY UK**

I have been writing in my blogs on the subject – April 14, birthday of Babasaheb Ambedkar, to be declared as International Day of Equality under the aegis of the UN. It is gratifying to note the proposal is slowly attracting support and understanding not only with the GOI but also with the international community. The birthday of Babasaheb Ambedkar this year, 2026, again was celebrated at the UN in New York along with all the Indian diplomatic missions abroad. The Government of Canada honoured the Indian icon and declared his birthday as 'Dr. B.R. Ambedkar Day of Equality' in Canada. I am confident that many more would follow suit in due course. I thought of engaging the Indian diplomatic machinery with the proposal and wrote a letter to 20 senior Indian Ambassadors/High Commissioners in big countries and likely stake holders considering the size of Indian diaspora in these countries with a view to solicit their understanding and support in carrying forward India's Soft and Cultural Diplomacy in line with India's initiatives with regard to International Non-violence Day on October 2, birthday of Mahatma Gandhi and International Yoga Day on June 21, 2026. My letter of April 21, 2026 to 20 Ambassadors under intimation to EAM Dr. S. Jaishankar and Principal Secretary to PM, Shri P.K. Mishra may be seen below.

Text of the Letter dated April 21, 2026 to 20 Heads of Indian Diplomatic Missions


April 21, 2026

Your Excellency,

I am one of your retired colleagues of 1984 (YOA) now settled in Jalandhar, my home town. The birthday celebrations of Babasaheb B.R. Ambedkar on April 14 by all the diplomatic missions of India have prompted me to write this to some of my colleagues in the IFS fraternity. Kindly excuse my indulgence. You may know that such structured celebrations pertaining to Babasaheb Ambedkar, one of the greatest sons of India in the contemporary times happened for the second time. It was first done in April, 2016, at the solemn occasion of 125th birth anniversary of the icon.



**Ramesh Chander**
**The writer is A Retired Career Diplomat.**




You may or may not be knowing that in the run up to the 125th birth anniversary of Babasaheb Ambedkar, I made a proposal in June, 2015 to the then EAM Sushma Swaraj to declare April 14, birthday of Babasaheb Ambedkar, as International Day of Equality under the aegis of the UN. Since then the proposal is resting with the GOI – MEA/PMO. The Forum of SC Parliamentarians, on my submission, took the matter to PM Narendra Modi in November, 2015 in a Memorandum. I have been reminding MEA, PMO and other concerned regularly since then by way of blogs, social media and direct communications. My last blog on the subject would provide you some details of the proposal which may be excessed at: https://diplomatic-titbits.blogspot.com/2026/04/babasaheb-ambedkar-declare-his-birthday.html



You must have read in the media that after many cities, provinces in the USA, Canada, the UK and many others, Canada has declared April 14 as Dr. B.R. Ambedkar Day of Equality this year by an proclamation in this regard. But GOI is sitting tight on the subject which is not understandable. I thought of sharing with Your Excellency with a view to solicit your kind understanding, consideration and all due support to the proposal on International Day of Equality. It will not only honour Babasaheb Ambedkar but also carry forward and strengthen India's Soft and Cultural Diplomacy.

I am confident, my respected and dear friends, you would kindly consider and lend your due and appropriate support to my submissions. I count on you.

With regards,
Yours truly,
(Ramesh Chander)

His Excellency P. Harish,
PR of India to the UN,
New York (USA)

Sent Separately to –

1. Ambassador of India to the USA
2. Ambassador of India to Canada
3. High Commissioner of India to the UK
4. Ambassador of India to Germany
5. Ambassador of India to Austria
6. High Commissioner of India to Australia
7. Ambassador India to Italy
8. Ambassador of India to Sweden
9. High Commission of India to New Zealand
10. Ambassador of India to Japan
11. Ambassador of India to Netherland
12. Ambassador of India to UAE
13. Ambassador of India to Saudi Arabia
14. Ambassador of India to Bahrain
15. Ambassador India to Qatar
16. Ambassador of India to France
17. Ambassador of India to South Africa
18. Ambassador of India to Brazil
19. Ambassador of India to Nigeria

Copy to –

1. EAM Dr. S. Jaishankar
2. Principal Secretary to PM, P.K. Mishra

# ਹੱਸਦਿਆਂ ਦੇ ਘਰ ਵਸਦੇ

### ਅੱਜ ਵਿਸ਼ਵ ਹਾਸਾ ਦਿਵਸ 'ਮੌਕੇ



ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਖੁਸ਼ ਰਹਿਣਾ ਆਸਾਨ ਤਾਂ ਨਹੀਂ, ਪਰ ਜੋ ਮਨੁੱਖ ਇਸ ਹਾਲਾਤ ਵਿੱਚ ਹੱਸ ਕੇ ਜੀਉਣਾ ਸਿੱਖ ਲੈਂਦਾ ਹੈ, ਉਸਨੂੰ ਉਹ ਖਜ਼ਾਨਾ ਮਿਲ ਜਾਂਦਾ ਹੈ ਜੋ ਮਨ ਨੂੰ ਸਕੂਨ, ਸ਼ਰੀਰ ਨੂੰ ਤੰਦਰੁਸਤੀ ਅਤੇ ਰਿਸ਼ਤਿਆਂ ਨੂੰ ਮਿੱਠਾ ਬਣਾਈ ਰੱਖਦਾ ਹੈ। ਹੱਸਣਾ ਸਿਰਫ਼ ਚੇਹਰੇ ਦੀ ਇੱਕ ਖੁਸ਼ੀ ਹੀ ਨਹੀਂ, ਇਹ ਤਾਂ ਜੀਵਨ ਜਿਉਣ ਦੀ ਉਹ ਕਲਾ ਹੈ ਜੋ ਸਾਡੀ ਸੋਚ ਨੂੰ ਰੋਸ਼ਨ ਕਰਨ ਦੇ ਨਾਲ-ਨਾਲ ਸਾਡੇ ਆਲੇ-ਦੁਆਲੇ ਦੇ ਮਾਹੌਲ ਨੂੰ ਵੀ ਖ਼ੁਸ਼ਨੁਮਾ ਬਨਾਉਂਦੀ ਹੈ।

ਡਾਕਟਰੀ ਜਗਤ ਵੀ ਹੁਣ ਇਸ ਗੱਲ ਨੂੰ ਮੰਨ ਚੁੱਕਿਆ ਹੈ ਕਿ ਹੱਸਣ ਨਾਲ ਤਣਾਅ ਘਟਦਾ ਹੈ, ਖ਼ੂਨ ਦਾ ਦਬਾਅ ਸੰਤੁਲਿਤ ਰਹਿੰਦਾ ਹੈ ਅਤੇ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਧਦੀ ਹੈ। ਇਹ ਮਨੋਵਿਗਿਆਨਕ ਤੰਦਰੁਸਤੀ ਲਈ ਇਕ ਅਜਿਹਾ ਟੋਟਕਾ ਹੈ ਜੋ ਦਵਾਈਆਂ ਵੀ ਕਈ ਵਾਰੀ ਨਹੀਂ ਕਰ ਪਾਉਂਦਿਆ।

ਅੱਜ ਦੇ ਦੌਰ 'ਚ ਕਾਮੇਡੀ ਸ਼ੋਅਜ਼, ਹਾਸੇ ਨਾਲ ਭਰੀਆਂ ਫ਼ਿਲਮਾਂ ਅਤੇ ਹਾਸਾ ਕਲਬ ਲੋਕਾਂ ਦੀ ਇਸ ਲੋੜ ਨੂੰ ਪੂਰਾ ਕਰ ਰਹੇ ਹਨ। ਸਵੇਰੇ-ਸਵੇਰੇ ਗਲੀ ਮੁਹੱਲੇ ਦੀਆਂ ਪਾਰਕਾਂ 'ਚ ਹੱਸਣ ਵਾਲੀਆਂ ਟੋਲੀਆਂ ਇਸ ਗੱਲ ਦਾ ਜਿਉਂਦਾ ਪ੍ਰਮਾਣ ਹਨ ਕਿ ਲੋਕ ਹੁਣ ਆਪਣੇ ਮਨ ਨੂੰ ਤਰੋਤਾਜ਼ਾ ਰੱਖਣ ਲਈ ਕਿਵੇਂ ਉੱਚੀ ਉੱਚੀ ਹਸ ਰਹੇ ਹਨ।

ਹੱਸਣ ਨਾਲ ਸਿਰਫ਼ ਅਸੀਂ ਹੀ ਖੁਸ਼ ਨਹੀਂ ਰਹਿੰਦੇ ਬਲਕਿ ਹੋਰਾਂ ਨੂੰ ਵੀ ਖੁਸ਼ੀ ਵੰਡਣ ਦਾ ਇਕ ਵੱਡਮੁੱਲਾ ਕਾਰਜ ਕਰਦੇ ਹਾਂ। ਹਸਮੁੱਖ ਚੇਹਰਾ ਕਈ ਵਾਰ ਉਹ ਦਰਵਾਜ਼ੇ ਖੋਲ੍ਹ ਦਿੰਦਾ ਹੈ ਜੋ ਰੁਖੇ ਸੁਭਾਉ ਨਾਲ ਸਦੀਆ ਤੋਂ ਬੰਦ ਹੀ ਪਏ ਰਹਿੰਦੇ ਹਨ। ਦੋ ਕੂ ਮਿੱਠੇ ਬੋਲ, ਨਿਮ-ਰਤਾ ਅਤੇ ਚੇਹਰੇ ਦਾ ਹਲਕਾ-ਫੁਲਕਾ ਹਾਸਾ ਮਨੁੱਖੀ ਸੰਬੰਧਾਂ ਨੂੰ ਨੇੜਿਓ ਮਜ਼ਬੂਤ ਕਰਨ ਵਿਚ ਬਹੁਤ ਲਾਭਕਾਰੀ ਸਿੱਧ ਹੁੰਦਾ ਹੈ।

ਜ਼ਿੰਦਗੀ ਵੀ ਕਈ ਵਾਰ ਸਾਨੂੰ ਮੁਸ਼ਕਿਲਾਂ ਦੇ ਉਸ ਸਮੰਦਰ ਵਿੱਚ ਧੱਕ ਦੇਂਦੀ ਹੈ ਜਿੱਥੇ ਸਫ਼ਰ ਖ਼ਤਮ ਹੋਣ ਦਾ ਨਾਮ ਹੀ ਨਹੀਂ ਲੈਂਦਾ, ਪਰ ਜੇਕਰ ਅਸੀਂ ਖੁਸ਼ ਰਹਿਕੇ ਹੱਸਣਾ ਨਹੀਂ ਭੁੱਲਦੇ ਤਾਂ ਉਹੀ ਮੁਸ਼ਕਿਲਾਂ ਸਾਡੀ ਤਾਕਤ ਬਣ ਔਖੇ ਪੈਂਡੇ ਵੀ ਸੌਖੇ ਕਰ ਦਿੰਦੀਆ ਹਨ। ਹੱਸਣਾ ਉਹ ਰੋਸ਼ਨੀ ਹੈ ਜੋ ਅੰਦਰਲੇ ਹਨੇਰੇ ਨੂੰ ਚੀਰ ਕੇ ਸਾਨੂੰ ਨਵੀਂ ਸੋਚ, ਨਵੀਂ ਦ੍ਰਿਸ਼ਟੀ ਅਤੇ ਨਵੀਂ ਹਿੰਮਤ ਪ੍ਰਦਾਨ ਕਰਦੀ ਹੈ।

ਜਿਸਨੇ ਹੱਸਣਾ ਸਿੱਖ ਲਿਆ, ਉਸਨੇ ਦਰਅਸਲ ਜੀਵਨ ਦੇ ਫ਼ਲਸਫ਼ੇ ਨੂੰ ਸਮਝ ਲਿਆ, ਜੋ ਮੁਸਕਰਾ ਕੇ ਜੀਵਨ ਦੀ ਰਾਹ ਤੇ ਤੁਰਦਾ ਹੈ, ਫੇਰ ਮੰਜ਼ਿਲ ਉਸਦੇ ਪੈਰ ਚੁੰਮਣ ਲਈ ਖੁਦ-ਬ-ਖੁਦ ਤਿਆਰ ਰਹਿੰਦੀ ਹੈ। ਹਾਲਾਤ ਚਾਹੇ ਕਿਹੋ ਜਿਹੇ ਵੀ ਹੋਣ, ਚੇਹਰੇ ਤੋਂ ਮੁਸਕਰਾਹਟ ਕਦੇ ਗਾਇਬ ਨਹੀਂ ਹੋਣੀ ਚਾਹੀਦੀ। ਕਿਉਂਕਿ ਜਿੱਥੇ ਖੁਸ਼ੀ ਵੰਡੀ ਜਾਂਦੀ ਹੈ ਉਥੇ ਅਪਣਤ ਦੇ ਫੁੱਲ ਆਪਣੇ ਆਪ ਖਿੜ੍ਹ ਪੈਂਦੇ ਹਨ।

ਹਰ ਸਾਲ ਮਈ ਮਹੀਨੇ ਦੇ ਪਹਿਲੇ ਐਤਵਾਰ ਨੂੰ ਮਨਾਏ ਜਾਣ ਵਾਲੇ "ਵਿਸ਼ਵ ਹਾਸਾ ਦਿਵਸ" ਦਾ ਮੁੱਖ ਉਦੇਸ਼ ਲੋਕਾਂ ਨੂੰ ਹੱਸਣ ਦੇ ਸਿਹਤਮੰਦ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਹੈ। ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਹਾਸਾ ਇਕ ਅਹਿਮ ਭੂਮਿਕਾ ਨਿਭਾਉਂਦਾ ਹੈ, ਕਿਉਂਕਿ ਇਹ ਤਣਾਅ ਨੂੰ ਘਟਾਉਂਦਾ ਅਤੇ ਮਨ ਨੂੰ ਪ੍ਰਸੰਨਤਾ ਨਾਲ ਭਰਦਾ ਹੈ।

ਇਸ ਦਿਵਸ ਦੀ ਸ਼ੁਰੂਆਤ 10 ਮਈ 1998 ਨੂੰ ਮੁੰਬਈ ਵਿੱਚ ਲਾਫਟਰ ਯੋਗਾ ਅੰਦੋਲਨ ਦੇ ਸੰਸਥਾਪਕ ਡਾ. ਮਦਨ ਕਟਾਰੀਆ ਵੱਲੋਂ ਕੀਤੀ ਗਈ ਸੀ। ਉਨ੍ਹਾਂ ਦੇ ਯਤਨਾਂ ਨਾਲ ਹਾਸੇ ਨੂੰ ਇੱਕ ਥੈਰੇਪੀ ਦੇ ਰੂਪ ਵਿੱਚ ਪ੍ਰਚਲਿਤ ਕੀਤਾ ਗਿਆ, ਜਿਸ ਨਾਲ ਲੋਕਾਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਵਧੀ।

ਅੱਜ ਦੇ ਸਮੇਂ ਵਿੱਚ ਇਹ ਦਿਵਸ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ, ਜਿੱਥੇ ਲੋਕ ਇਕੱਠੇ ਹੋ ਕੇ ਹੱਸਣ ਰਾਹੀਂ ਖੁਸ਼ੀ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਬਣਾਉਂਦੇ ਹਨ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਖੁਸ਼ ਰਹਿਣਾ ਅਤੇ ਹੱਸਣਾ ਵੀ ਇੱਕ ਸਿਹਤਮੰਦ ਜੀਵਨ ਦੀ ਕੁੰਜੀ ਹੈ।

ਇਸ ਲਈ ਆਓ ਅਸੀਂ ਵੀ ਜੀਵਨ ਨੂੰ ਹਸਤਿੰਦਰ ਦੇ ਗਾਏ ਉਸ ਗੀਤ ਵਾਂਗ ਬਣਾ ਲਈਏ ਜਿਸ ਵਿੱਚ ਉਹ ਕਹਿੰਦਾ ਹੈ "ਜਦ ਮਰਜ਼ੀ ਦੇਖ ਲਈ ਆ ਕੇ, ਹੱਸਦੇ ਹੀ ਰਹਿਣੇ ਆਂ"।



**ਬਲਦੇਵ ਸਿੰਘ ਬੇਦੀ**
**ਜਲੰਧਰ**

# ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ : ਸੱਚ ਦੀ ਆਵਾਜ਼ ਅਤੇ ਪੱਤਰਕਾਰਤਾ ਦੀ ਲੜਾਈ

ਅਸੀਂ ਸਭ ਜਾਣਦੇ ਹਾਂ ਕਿ ਹਰ ਸਾਲ 3 ਮਈ ਨੂੰ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਆਮ ਤੌਰ 'ਤੇ ਉਹਨਾਂ ਪੱਤਰਕਾਰਾਂ ਨੂੰ ਯਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਆਪਣਾ ਫਰਜ਼ ਨਿਭਾਉਂਦੇ ਹੋਏ ਆਪਣੀ ਜਾਨ ਗੁਆਈ ਜਾਂ ਜਿਨ੍ਹਾਂ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਗਿਆ। ਪਰ ਹੋਰ ਕਈ ਅੰਤਰਰਾਸ਼ਟਰੀ ਦਿਨਾਂ ਦੀ ਤਰ੍ਹਾਂ ਇਹ ਦਿਨ ਵੀ ਕਈ ਵਾਰ ਸਿਰਫ਼ ਰਸਮੀ ਕਾਰਵਾਈ ਬਣ ਕੇ ਰਹਿ ਜਾਂਦਾ ਹੈ ਅਤੇ ਪੱਤਰਕਾਰਾਂ ਦੀ ਅਸਲ ਹਾਲਤ ਨੂੰ ਸੁਧਾਰਨ ਵੱਲ ਗੰਭੀਰ ਧਿਆਨ ਨਹੀਂ ਦਿੱਤਾ ਜਾਂਦਾ।




ਇਸ ਦਿਨ ਇਹ ਸਮਝਣਾ ਵੀ ਬਹੁਤ ਜ਼ਰੂਰੀ ਹੈ ਕਿ ਜਿਵੇਂ-ਜਿਵੇਂ ਵਿਸ਼ਵ ਰਾਜਨੀਤੀ ਵਿੱਚ ਮੀਡੀਆ ਦੀ ਭੂਮਿਕਾ ਵਧਦੀ ਜਾ ਰਹੀ ਹੈ, ਉਸੇ ਤਰ੍ਹਾਂ ਇਹ ਸੋਚਣਾ ਵੀ ਲਾਜ਼ਮੀ ਬਣ ਜਾਂਦਾ ਹੈ ਕਿ ਅੱਜ ਦੇ ਸਮੇਂ ਵਿੱਚ ਪੱਤਰਕਾਰ ਹੋਣ ਦਾ ਕੀ ਅਰਥ ਹੈ। ਹਰ ਸਾਲ ਕਿਹਾ ਜਾਂਦਾ ਹੈ ਕਿ ਮੀਡੀਆ ਦੀ ਤਾਕਤ ਵਧ ਰਹੀ ਹੈ, ਪਰ ਇਸ ਦੇ ਵਿਰੋਧ ਵਿੱਚ ਹਿੰਸਾ ਵੀ ਉਨੀ ਹੀ ਤੇਜ਼ੀ ਨਾਲ ਵਧ ਰਹੀ ਹੈ।

**ਹਰ ਸਾਲ ਮਾਰੇ ਜਾਂਦੇ ਹਨ ਕਈ ਪੱਤਰਕਾਰ**

ਇੰਟਰਨੈਸ਼ਨਲ ਪ੍ਰੈੱਸ ਇੰਸਟੀਚਿਊਟ ਦੇ ਅਨੁਸਾਰ ਸਾਲ 2012 ਵਿੱਚ ਆਪਣਾ ਕੰਮ ਕਰਦੇ ਹੋਏ ਘੱਟੋ-ਘੱਟ 133 ਪੱਤਰਕਾਰ ਮਾਰੇ ਗਏ ਸਨ। ਇਹ ਸਾਲ ਪੱਤਰਕਾਰਾਂ ਲਈ ਬਹੁਤ ਹੀ ਖ਼ਤਰਨਾਕ ਸਾਬਤ ਹੋਇਆ। ਇਹ ਗਿਣਤੀ ਇਸ ਤੋਂ ਪਿਛਲੇ ਸਾਲ ਨਾਲੋਂ 53 ਵੱਧ ਸੀ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਦੇ ਅੰਕੜਿਆਂ ਮੁਤਾਬਕ ਇਸ ਦੌਰਾਨ 232 ਤੋਂ ਵੱਧ ਰਿਪੋਰਟਰਾਂ ਅਤੇ ਮੀਡੀਆ ਕਰਮੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਇਨ੍ਹਾਂ ਅੰਕੜਿਆਂ ਵਿੱਚ ਉਹ ਬਲਾਗਰ ਅਤੇ ਸਿਟੀਜ਼ਨ ਜਰਨਲਿਸਟ ਸ਼ਾਮਲ ਨਹੀਂ ਹਨ ਜਿਨ੍ਹਾਂ ਨੇ ਬੰਦ ਸਮਾਜਾਂ ਦੀ ਸੱਚਾਈ ਸਾਹਮਣੇ ਲਿਆਉਣ ਲਈ ਆਪਣੀ ਜਾਨ ਜੋਖ਼ਮ ਵਿੱਚ ਪਾਈ।

ਅਸੀਂ ਵਿਕਾਸਸ਼ੀਲ ਦੇਸ਼ਾਂ ਵਿੱਚ ਹਰ ਪਲ ਬੇਹਿਸਾਬ ਜਾਣਕਾਰੀ ਪ੍ਰਾਪਤ ਕਰਦੇ ਹਾਂ, ਇਸ ਕਰਕੇ ਕਈ ਵਾਰ ਮੀਡੀਆ ਦੇ ਅਸਲ ਮਹੱਤਵ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਸੀਂ ਇਹ ਨਹੀਂ ਸੋਚਦੇ ਕਿ ਉਹ ਕੌਣ ਲੋਕ ਹਨ ਜੋ ਟੈਂਕਾਂ ਅਤੇ ਬੰਦੂਕਾਂ ਦੇ ਸਾਹਮਣੇ ਖੜ੍ਹਨ ਤੋਂ ਨਹੀਂ ਡਰਦੇ ਅਤੇ ਸੱਚ ਬੋਲਣ ਲਈ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾ ਦਿੰਦੇ ਹਨ। ਪਰ ਦੁਨੀਆ ਭਰ ਦੇ ਤਾਨਾਸ਼ਾਹ ਸ਼ਾਸਕਾਂ ਲਈ ਇੱਕ ਆਜ਼ਾਦ ਮੀਡੀਆ ਇੰਨਾ ਵੱਡਾ ਖ਼ਤਰਾ ਬਣ ਜਾਂਦਾ ਹੈ ਕਿ ਉਹ ਇਸ ਦੀ ਅਣਦੇਖੀ ਨਹੀਂ ਕਰ ਸਕਦੇ।

**ਵਾਟਰਗੇਟ ਕਾਂਡ ਤੋਂ ਫੇਸਬੁੱਕ ਕ੍ਰਾਂਤੀ ਤੱਕ**

ਸਾਲ 1972 ਵਿੱਚ ਵਾਸ਼ਿੰਗਟਨ ਪੋਸਟ ਦੇ ਵਾਟਰਗੇਟ ਖੁਲਾਸਿਆਂ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੂੰ ਅਸਤੀਫ਼ਾ ਦੇਣਾ ਪਿਆ ਸੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਦੁਨੀਆ ਵਿੱਚ ਜਿੰਨੇ ਵੀ ਵੱਡੇ ਰਾਜਨੀਤਿਕ ਬਦਲਾਅ ਹੋਏ ਹਨ, ਉਨ੍ਹਾਂ ਦੇ ਕੇਂਦਰ ਵਿੱਚ ਮੀਡੀਆ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਅਰਬ ਦੇਸ਼ਾਂ ਵਿੱਚ ਆਈਆਂ ਤਥਾਕਥਿਤ "ਫੇਸਬੁੱਕ ਕ੍ਰਾਂਤੀਆਂ" ਨੇ ਇਹ ਸਾਬਤ ਕੀਤਾ ਕਿ ਮੀਡੀਆ ਅਤੇ ਸੋਸ਼ਲ ਮੀਡੀਆ ਸਮਾਜਿਕ ਬਦਲਾਅ ਲਿਆਉਣ ਦੀ ਵੱਡੀ ਤਾਕਤ ਬਣ ਸਕਦੇ ਹਨ। ਹਾਲਾਂਕਿ ਇਹ ਵੀ ਸੱਚ ਹੈ ਕਿ ਕੋਈ ਵੀ ਤਕਨਾਲੋਜੀ ਆਪਣੇ ਆਪ ਬਦਲਾਅ ਨਹੀਂ ਲਿਆਉਂਦੀ, ਸਗੋਂ ਉਸ ਦਾ ਇਸਤੇਮਾਲ ਕਰਨ ਵਾਲੇ ਲੋਕ ਹੀ ਇਤਿਹਾਸ ਬਣਾਉਂਦੇ ਹਨ।

**ਸਿਟੀਜ਼ਨ ਜਰਨਲਿਸਟਾਂ ਨੇ ਤਾਨਾਸ਼ਾਹੀਆਂ ਨੂੰ ਚੁਣੌਤੀ ਦਿੱਤੀ**

ਸਾਇਬਰ ਐਕਟੀਵਿਸਟਾਂ ਅਤੇ ਸਿਟੀਜ਼ਨ ਜਰਨਲਿਸਟਾਂ ਨੇ ਮੱਧ ਪੂਰਬ ਅਤੇ ਉੱਤਰੀ ਅਫ਼ਰੀਕਾ ਵਿੱਚ ਤਾਨਾਸ਼ਾਹ ਸਰਕਾਰਾਂ ਨੂੰ ਹਿਲਾ ਕੇ ਰੱਖ ਦਿੱਤਾ। ਇਹ ਉਹ ਲੋਕ ਸਨ ਜਿਨ੍ਹਾਂ ਨੇ ਇਤਿਹਾਸ ਦੀ ਦਿਸ਼ਾ ਬਦਲਣ ਵਿੱਚ ਵੱਡੀ ਭੂਮਿਕਾ ਨਿਭਾਈ।

ਰੂਸ ਦਾ ਉਦਾਹਰਨ ਇਸ ਸੰਦਰਭ ਵਿੱਚ ਬਹੁਤ ਮਹੱਤਵਪੂਰਨ ਹੈ। 1980 ਦੇ ਦਹਾਕੇ ਦੇ ਅੰਤ ਵਿੱਚ ਇੱਕ ਨੌਜਵਾਨ ਟੈਲੀਵਿਜ਼ਨ ਨਿਰਮਾਤਾ ਐਡੂਆਰਡ ਸਾਗਾਲੇਵ ਨੇ ਸੋਵੀਅਤ ਸਰਕਾਰੀ ਟੈਲੀਵਿਜ਼ਨ ਦਾ ਚਿਹਰਾ ਹੀ ਬਦਲ ਦਿੱਤਾ। ਇਸ ਤੋਂ ਪਹਿਲਾਂ ਸਰਕਾਰੀ ਟੀਵੀ ਸਿਰਫ਼ ਪ੍ਰਚਾਰ ਦਾ ਸਾਧਨ ਹੁੰਦਾ ਸੀ, ਪਰ ਸਾਗਾਲੇਵ ਨੇ ਰਾਸ਼ਟਰਪਤੀ ਗੋਰਬਾਚੋਵ ਦੀ "ਗਲਾਸ-ਨੋਸਤ" (ਖੁੱਲ੍ਹੇਪਣ ਦੀ ਨੀਤੀ) ਅਤੇ "ਪੇਰੇਸਤ੍ਰੋਇਕਾ" (ਨਵੀਨੀਕਰਨ) ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾਇਆ। ਇਸ ਨਾਲ ਸੋਵੀਅਤ ਨਾਗਰਿਕਾਂ ਨੇ ਪਹਿਲੀ ਵਾਰ ਆਜ਼ਾਦੀ ਦਾ ਅਸਲੀ ਅਹਿਸਾਸ ਕੀਤਾ।

ਖੋਜੀ ਪੱਤਰਕਾਰਾਂ ਨੇ ਸਟਾਲਿਨ ਯੁੱਗ ਦੇ ਅਪਰਾਧਾਂ ਨੂੰ ਬੇਨਕਾਬ ਕੀਤਾ ਅਤੇ ਇਹ ਵੀ ਦੱਸਿਆ ਕਿ ਰੂਸ ਅਫਗਾਨਿਸਤਾਨ ਵਿੱਚ ਕਿਉਂ ਅਤੇ ਕਿਵੇਂ ਅਸਫਲ ਹੋਇਆ। ਜਦੋਂ ਸੋਵੀਅਤ ਕੱਟੜਪੰਥੀਆਂ ਨੇ ਵਾਮਪੰਥੀ ਤਾਕਤ ਨੂੰ ਮੁੜ ਕਾਇਮ ਕਰਨ ਦੀ ਕੋਸ਼ਿਸ਼ ਕੀਤੀ, ਤਦ ਆਜ਼ਾਦ ਰੇਡੀਓ ਪੱਤਰਕਾਰਾਂ ਨੇ ਬੋਰਿਸ ਯੇਲਤਸਿਨ ਦੇ ਹੱਕ ਵਿੱਚ ਲੋਕਾਂ ਦੀ ਆਵਾਜ਼ ਨੂੰ ਮਜ਼ਬੂਤ ਕੀਤਾ।

ਲਾਤਵੀਆ ਤੋਂ ਲੈ ਕੇ ਰੋਮਾਨੀਆ ਤੱਕ ਪੱਤਰਕਾਰ ਆਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਅੱਗੇ ਰਹੇ। ਪੁਰਾਣੇ ਯੂਗੋਸਲਾਵੀਆ ਵਿੱਚ ਜਦੋਂ ਮੀਡੀਆ ਸਲੋਬੋਦਾਨ ਮਿਲੋਸੇਵਿਚ ਅਤੇ ਕੱਟੜ ਰਾਸ਼ਟਰਵਾਦੀਆਂ ਦੇ ਕਬਜ਼ੇ ਵਿੱਚ ਸੀ, ਉਸ ਵੇਲੇ ਆਜ਼ਾਦ ਰੇਡੀਓ ਸਟੇਸ਼ਨ ਬੀ-92 ਨੇ ਲੋਕਾਂ ਨੂੰ ਤਾਨਾਸ਼ਾਹੀ ਵਿਰੁੱਧ ਇਕੱਠਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ।

**ਰੰਗਾਂ ਵਾਲੀਆਂ ਕ੍ਰਾਂਤੀਆਂ ਅਤੇ ਮੀਡੀਆ ਦੀ ਤਾਕਤ**

ਜਾਰਜੀਆ ਵਿੱਚ ਆਜ਼ਾਦ ਟੈਲੀਵਿਜ਼ਨ ਸਟੇਸ਼ਨ "ਰੁਸਤਵੀ-2" ਦੇ ਸਮਰਥਕਾਂ ਨੇ ਜਦੋਂ ਐਡੂਆਰਡ ਸ਼ੇਵਰਦਨਾਦਜ਼ੇ ਦੀ ਸਰਕਾਰ ਖ਼ਿਲਾਫ਼ ਰੈਲੀਆਂ ਕੀਤੀਆਂ ਤਾਂ 2003 ਦੀ ਇਸ ਲਹਿਰ ਨੂੰ "ਗੁਲਾਬੀ ਕ੍ਰਾਂਤੀ" ਕਿਹਾ ਗਿਆ। ਇਸ ਦੇ ਪ੍ਰਭਾਵ ਯੂਕਰੇਨ, ਕਿਰਗਿਜ਼ਸਤਾਨ ਅਤੇ ਲੈਬਨਾਨ ਤੱਕ ਵੇਖੇ ਗਏ।

ਪਾਕਿਸਤਾਨ ਵਿੱਚ ਜਜਾਂ ਅਤੇ ਵਕੀਲਾਂ ਦੇ ਅੰਦੋਲਨ ਨੇ ਤਾਨਾਸ਼ਾਹ ਜਨਰਲ ਪਰਵੇਜ਼ ਮੁਸ਼ਰਰਫ਼ ਨੂੰ ਅਸਤੀਫ਼ਾ ਦੇਣ 'ਤੇ ਮਜਬੂਰ ਕਰ ਦਿੱਤਾ। ਇਸ ਲੋਕ ਅੰਦੋਲਨ ਨੂੰ ਮਜ਼ਬੂਤ ਕਰਨ ਵਿੱਚ ਜਿਓ ਟੀਵੀ ਦੀ ਭੂਮਿਕਾ ਕਾਫ਼ੀ ਮਹੱਤਵਪੂਰਨ ਰਹੀ।

ਕੋਲੰਬੀਆ, ਫਿਲੀਪੀਨਜ਼ ਅਤੇ ਹੋਰ ਕਈ ਦੇਸ਼ਾਂ ਵਿੱਚ ਵੀ ਪੱਤਰਕਾਰਾਂ ਅਤੇ ਮੀਡੀਆ ਕਰਮੀਆਂ ਨੇ ਲੋਕ ਅੰਦੋਲਨਾਂ ਨੂੰ ਇੰਨਾ ਮਜ਼ਬੂਤ ਕੀਤਾ ਕਿ ਤਾਨਾਸ਼ਾਹ ਸਰਕਾਰਾਂ ਲਈ ਉਹ ਵੱਡੀ ਚੁਣੌਤੀ ਬਣ ਗਏ।

ਮਿਆਂਮਾਰ (ਬਰਮਾ) ਵਿੱਚ ਵੀ ਲੋਕ ਦਬਾਅ ਕਾਰਨ ਸਰਕਾਰ ਨੂੰ ਸੈਂਸਰਸ਼ਿਪ ਹਟਾਉਣੀ ਪਈ ਅਤੇ ਆਂਗ ਸਾਨ ਸੂ ਕੀ ਲਈ ਸੰਸਦ ਦਾ ਰਾਹ ਖੁੱਲ੍ਹਿਆ। ਇਹ ਦੇਸ਼ ਹੌਲੀ-ਹੌਲੀ ਲੋਕਤੰਤਰ ਵੱਲ ਵਧਿਆ।

**ਮੀਡੀਆ : ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਤਾਕਤ**

ਅੱਜ ਪੱਛਮੀ ਲੋਕਤਾਂਤਰਿਕ ਦੇਸ਼ਾਂ ਨੂੰ ਵੀ ਇਹ ਸਮਝ ਆ ਚੁੱਕੀ ਹੈ ਕਿ ਵਿਦੇਸ਼ ਨੀਤੀ ਤੈਅ ਕਰਨ ਵਿੱਚ ਮੀਡੀਆ ਦੀ ਵੱਡੀ ਭੂਮਿਕਾ ਹੁੰਦੀ ਹੈ। ਚੀਨ ਵਰਗੇ ਦੇਸ਼ਾਂ ਨੇ ਵੀ ਆਪਣੀ ਮੀਡੀਆ ਪਹੁੰਚ ਨੂੰ ਦੁਨੀਆ ਭਰ ਵਿੱਚ ਵਧਾਉਣ ਲਈ ਅਰਬਾਂ ਡਾਲਰ ਨਿਵੇਸ਼ ਕੀਤੇ।

ਸਾਲ 2008 ਵਿੱਚ ਚੀਨੀ ਕਮਿਊਨਿਸਟ ਪਾਰਟੀ ਦੇ ਨੇਤਾ ਲੀ ਚਾਂਗਚੁਨ ਨੇ ਕਿਹਾ ਸੀ ਕਿ ਆਧੁਨਿਕ ਯੁੱਗ ਵਿੱਚ ਉਹੀ ਦੇਸ਼ ਦੁਨੀਆ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਿਸਦੀ ਸੰਚਾਰ ਤਾਕਤ ਸਭ ਤੋਂ ਮਜ਼ਬੂਤ ਹੋਵੇ।

ਪਰ ਅੰਤ ਵਿੱਚ ਇਹ ਗੱਲ ਸਭ ਤੋਂ ਵੱਧ ਮਹੱਤਵਪੂਰਨ ਹੈ ਕਿ ਦੁਨੀਆ ਨੂੰ ਬਦਲਣ ਵਾਲੇ ਸਿਰਫ਼ ਰਾਜਨੀਤਿਕ ਨੇਤਾ ਜਾਂ ਪਾਰਟੀਆਂ ਨਹੀਂ ਹੁੰਦੀਆਂ, ਸਗੋਂ ਉਹ ਪੇਸ਼ੇਵਰ ਅਤੇ ਆਮ ਲੋਕ ਹੁੰਦੇ ਹਨ ਜੋ ਸੱਚ ਬੋਲਣ ਦੀ ਹਿੰਮਤ ਰੱਖਦੇ ਹਨ। ਸੱਚ ਹੀ ਸਭ ਤੋਂ ਵੱਡੀ ਤਾਕਤ ਹੈ।

ਮਨੁੱਖਤਾ ਦੀ ਆਜ਼ਾਦੀ ਦੀ ਲਗਾਤਾਰ ਚੱਲ ਰਹੀ ਖੋਜ ਵਿੱਚ ਪੱਤਰਕਾਰਾਂ ਦਾ ਯੋਗਦਾਨ ਬੇਮਿਸਾਲ ਹੈ ਅਤੇ ਇਹ ਉਹ ਲੋਕ ਹਨ ਜੋ ਸਾਡੇ ਸਭ ਤੋਂ ਵੱਧ ਸਨਮਾਨ ਦੇ ਹੱਕਦਾਰ ਹਨ।



**ਲੇਖਕ : ਸ਼ਾਂਤੀ ਗੌਤਮ, ਪੱਤਰਕਾਰ, ਹਿਮਾਚਲ ਪ੍ਰਦੇਸ਼**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com